ਜਗਤ ਬਾਬਾ ਗੁਰੂ ਨਾਨਕ ਸਾਹਿਬ ਜੀ ਦੇ 550ਵੇਂ ਪ੍ਰਕਾਸ਼ ਉਤਸਵ ਦੀਆਂ ਹਾਰਦਿਕ ਮੁਬਾਰਕਾਂ



ਸ. ਬਲਜੀਤ ਸਿੰਘ

# ਅਮਨਦੀਪ ਪਾਈਪ ਸਟੋਰ

(ਅੰਮ੍ਰਿਤਸਰੀਆਂ ਦੀ ਦੁਕਾਨ)




ਇੱਥੇ ਸਬਮਰਸੀਬਲ ਪੰਪ, ਬਾਥਰੂਮ ਫਿਟਿੰਗ, ਪੀ.ਵੀ.ਸੀ, ਪਾਈਪਸ, ਜੀ.ਆਈ. ਪਾਈਪਸ, ਵਾਟਰ ਸਟੋਰੇਜ ਟੈਂਕਸ, ਹਾਰਡਵੇਅਰ, ਗੇਟ ਫਾਈਬਰ ਪੀ.ਵੀ.ਸੀ. ਮਿਲਦੇ ਹਨ।

**M. 98728-10620, 98147-77201**

Opp. Old Police Station, Begowal (Kapurthala) 144621

## ਸਾਹਿਬ-ਏ-ਕਮਾਲ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਉਤਸਵ ਦੀਆਂ ਹਾਰਦਿਕ ਮੁਬਾਰਕਾਂ



ਸ. ਬਲਵਿੰਦਰ ਸਿੰਘ ਰੌਕੀ USA

**001-917-868-6544**



satwinderbegowalia.me

ਗੁਰੂ ਨਾਨਕ ਵਿਸ਼ੇਸ਼ ਅੰਕ


# ਰੂਹ ਪੰਜਾਬੀ


ਸਹਿਯੋਗ 30/-

ਅਕਤੂਬਰ-ਦਸੰਬਰ 2019 22




ਅਖਰੀ ਨਾਮੁ ਅਖਰੀ ਸਾਲਾਹ ॥ ਅਖਰੀ ਗਿਆਨ ਗੀਤ ਗੁਣ ਗਾਹ ॥
ਅਖਰੀ ਲਿਖਣੁ ਬੋਲਣੁ ਬਾਣਿ ॥ ਅਖਰਾ ਸਿਰਿ ਸੰਜੋਗ ਵਖਾਣਿ ॥

- ਗੁਰੂ ਨਾਨਕ ਦੇਵ ਜੀ




'ਸਤਵਿੰਦਰ ਬੇਗੋਵਾਲੀਆ ਦਾ ਨਾਟ-ਜਗਤ' (ਆਲੋਚਨਾ) ਨੂੰ ਰਿਲੀਜ਼ ਕਰਦੇ ਹੋਏ ਡਾ. ਸਤੀਸ਼ ਕੁਮਾਰ ਵਰਮਾ, ਪ੍ਰੋਫੈਸਰ ਪੰਜਾਬੀ ਯੂਨੀਵਰਸਿਟੀ ਪਟਿਆਲਾ। ਤਸਵੀਰ ਵਿੱਚ (ਖੱਬਿਓਂ-ਸੱਜੇ) ਬਬਲਾ ਬੇਗੋਵਾਲ, ਡਾ. ਜਸਵੰਤ ਬੇਗੋਵਾਲ, ਪ੍ਰੋ. ਸਤਵਿੰਦਰ ਬੇਗੋਵਾਲੀਆ, ਡਾ. ਸਤੀਸ਼ ਕੁਮਾਰ ਵਰਮਾ, ਡਾ. ਗੁਰਜੀਤ ਕੌਰ ਗੁਰੀ, ਰਤਨ ਟਾਹਲਵੀ ਅਤੇ ਕੁਲਦੀਪ ਸਿੰਘ ਅਕਬਰਪੁਰ। ਨਾਟ-ਆਲੋਚਨਾ ਦੀ ਇਸ ਪੁਸਤਕ ਦੇ ਸੰਪਾਦਕ ਡਾ. ਗੁਰਜੀਤ ਕੌਰ ਗੁਰੀ ਹਨ ਅਤੇ ਇਸ ਪੁਸਤਕ ਵਿਚ 13 ਵਿਦਵਾਨਾਂ ਦੇ ਖੋਜ ਪਰਚੇ ਸ਼ਾਮਲ ਹਨ।

ਜਗਤ ਬਾਬਾ ਗੁਰੂ ਨਾਨਕ ਸਾਹਿਬ ਜੀ ਦੇ 550ਵੇਂ ਪ੍ਰਕਾਸ਼ ਉਤਸਵ ਦੀਆਂ ਹਾਰਦਿਕ ਮੁਬਾਰਕਾਂ







ਸਤਿਗੁਰ ਨਾਨਕ ਪ੍ਰਗਟਿਆ, ਮਿਟੀ ਧੁੰਦ ਜਗ ਚਾਨਣ ਹੋਆ।

**ਮੁਲਤਾਨੀ ਮੈਡੀਕਲ ਸਟੋਰ**

ਇੱਥੇ ਹਰ ਪ੍ਰਕਾਰ ਦੀਆਂ ਦਵਾਈਆਂ ਮਿਲਦੀਆਂ ਹਨ

ਪ੍ਰੋ. ਬਲਵਿੰਦਰ ਸਿੰਘ ਮੁਲਤਾਨੀ

98723-65242


ਵਿਸ਼ਵ ਭਾਈਚਾਰਕ ਸਾਂਝ ਦੇ ਮੁਦੱਈ
ਜਗਤ ਬਾਬਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ
550ਵੇਂ ਪ੍ਰਕਾਸ਼ ਦਿਵਸ ਦੀਆਂ
ਸਮੁੱਚੇ ਵਿਸ਼ਵ ਨੂੰ ਹਾਰਦਿਕ ਮੁਬਾਰਕਾਂ

ਸਮਾਜ ਸੇਵਕ ਸ. ਕੁਲਵੰਤ ਸਿੰਘ
ਪੁੱਤਰ ਸ. ਸਰਦਾਰ ਸਿੰਘ, ਚੜ੍ਹਦੀ ਪੱਤੀ ਬੇਗੋਵਾਲ
97796-59202



## ਜਗਤ ਬਾਬਾ ਗੁਰੂ ਨਾਨਕ ਸਾਹਿਬ ਜੀ ਦੇ 550ਵੇਂ ਪ੍ਰਕਾਸ਼ ਉਤਸਵ ਦੀਆਂ ਹਾਰਦਿਕ ਮੁਬਾਰਕਾਂ

### ਸੰਪਾਦਕੀ ਮੰਡਲ



ਸਤਵਿੰਦਰ ਬੇਗੋਵਾਲੀਆ
ਮੁੱਖ ਸੰਪਾਦਕ
98154-65620



ਰਤਨ ਟਾਹਲਵੀ
ਸੰਪਾਦਕ
81462-10637

### ਮੁੱਖ ਸਰਪ੍ਰਸਤ



ਡਾ. ਜਸਵੰਤ ਬੇਗੋਵਾਲ
98155-20784

### ਸਰਪ੍ਰਸਤ



ਸੁਰਿੰਦਰ ਮਕਸੂਦਪੁਰੀ
99887-10234



ਡਾ. ਕਰਮਜੀਤ ਸਿੰਘ ਨਡਾਲਾ
98151-86532



ਰਾਮ ਲਾਲ ਭਗਤ
ਸਹਿ-ਸੰਪਾਦਕ

### ਕੋਆਰਡੀਨੇਟਰ




ਦਲਜੀਤ ਸਿੰਘ ਰਤਨ



ਬਬਲਾ ਬੇਗੋਵਾਲ

### ਪ੍ਰਬੰਧਕੀ ਕਮੇਟੀ




ਨਿਸ਼ਾਨ ਸਿੰਘ USA



ਕੁਲਦੀਪ ਸਿੰਘ ਅਕਬਰਪੁਰ



ਮਾਸਟਰ ਨਿਸ਼ਾਨ ਸਿੰਘ



ਨਵਜੋਤ ਸਿੰਘ USA

ਵਿਸ਼ਵ ਭਾਈਚਾਰਕ ਸਾਂਝ ਦੇ ਮੁਦੱਈ ਜਗਤ ਬਾਬਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ
550ਵੇਂ ਪ੍ਰਕਾਸ਼ ਦਿਵਸ ਦੀਆਂ ਸਮੁੱਚੇ ਵਿਸ਼ਵ ਨੂੰ ਹਾਰਦਿਕ ਮੁਬਾਰਕਾਂ



ਦਲਜੀਤਮ ਸਿੰਘ ਮੰਡਾ
ਚੇਅਰਮੈਨ ਜ਼ਿਲ੍ਹਾ ਕਪੂਰਥਲਾ, ਐਂਟੀ ਕੁਰੱਪਸ਼ਨ ਐਸੋ. ਆਫ਼ ਇੰਡੀਆ
97796-15970



ਲਖਬੀਰ ਸਿੰਘ ਭੁੱਲਰ
95017-14400

ਜਗਤ ਬਾਬਾ ਗੁਰੂ ਨਾਨਕ ਸਾਹਿਬ ਜੀ ਦੇ 550ਵੇਂ ਪ੍ਰਕਾਸ਼ ਉਤਸਵ ਦੀਆਂ ਹਾਰਦਿਕ ਮੁਬਾਰਕਾਂ



# ਘੋਤੜਾ ਇੰਟਰਪ੍ਰਾਈਜ਼ਿਜ

ਹਵਾਈ ਟਿਕਟਾਂ, ਟੂਰ ਪੈਕਿਜ,ਕੋਰੀਅਰ, ਮਨੀਚੇਂਜਰ

**ਸੁਖਜਿੰਦਰ ਸਿੰਘ ਮਹਿਮਦਪੁਰ**

**98150-85510, 01822-502003**

ਸਾਹਮਣੇ ਬੱਸ ਸਟੈਂਡ ਬੇਗੋਵਾਲ, ਕਪੂਰਥਲਾ

ਸਾਹਿਬ-ਏ-ਕਮਾਲ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਉਤਸਵ ਦੀਆਂ ਹਾਰਦਿਕ ਮੁਬਾਰਕਾਂ

# ਬਿੱਟੂ ਜਨਰਲ ਸਟੋਰ



ਇੱਥੇ ਮਨਿਆਰੀ ਦਾ ਹਰ ਤਰ੍ਹਾਂ ਦਾ ਸਮਾਨ ਮਿਲਦਾ ਹੈ

**ਪ੍ਰੋਪ. ਬਲਵਿੰਦਰ ਸਿੰਘ ਬਿੱਟੂ (ਵਾਈਸ ਪ੍ਰਧਾਨ ਨਗਰ ਪੰਚਾਇਤ ਬੇਗੋਵਾਲ)**

**98140-25531**

ਮੇਨ ਬਜ਼ਾਰ ਬੇਗੋਵਾਲ, ਕਪੂਰਥਲਾ

ਜਗਤ ਬਾਬਾ ਗੁਰੂ ਨਾਨਕ ਸਾਹਿਬ ਜੀ ਦੇ 550ਵੇਂ ਪ੍ਰਕਾਸ਼ ਉਤਸਵ ਦੀਆਂ ਹਾਰਦਿਕ ਮੁਬਾਰਕਾਂ



# ਫੌਜੀ ਆਇਰਨ ਐਂਡ ਸੀਮਿੰਟ ਸਟੋਰ

ਟਾਂਡਾ ਰੋਡ ਬੇਗੋਵਾਲ (ਕਪੂਰਥਲਾ)

**ਪ੍ਰੋਪ. ਬਲਦੇਵ ਸਿੰਘ (ਨਡਾਲੀ ਵਾਲੇ)**

**98150-87574**

**ਜਤਿੰਦਰ ਸਿੰਘ ਬੱਬਲ**

**89682-17774**

ਸਾਹਿਬ-ਏ-ਕਮਾਲ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਉਤਸਵ ਦੀਆਂ ਹਾਰਦਿਕ ਮੁਬਾਰਕਾਂ

# ਪਹਾੜੀਆ ਸਵੀਟ ਸ਼ਾਪ



ਟਾਂਡਾ ਰੋਡ, ਬੇਗੋਵਾਲ (ਕਪੂਰਥਲਾ)

ਇੱਥੇ ਤਾਜ਼ਾ ਮਠਿਆਈਆਂ, ਪਨੀਰ, ਖੋਆ, ਦਹੀਂ, ਦੁੱਧ
ਅਤੇ ਬੇਕਰੀ ਦਾ ਸਮਾਨ ਵਧੀਆ ਕੁਆਲਿਟੀ ਦਾ ਮਿਲਦਾ ਹੈ

**ਕਰਨੈਲ ਸਿੰਘ ਪੁੱਤਰ ਜਸਵੰਤ ਸਿੰਘ**

**98729-93564**

ਜਗਤ ਬਾਬਾ ਗੁਰੂ ਨਾਨਕ ਸਾਹਿਬ ਜੀ ਦੇ 550ਵੇਂ ਪ੍ਰਕਾਸ਼ ਉਤਸਵ ਦੀਆਂ ਹਾਰਦਿਕ ਮੁਬਾਰਕਾਂ



# ਖਾਸਰੀਆ ਮਨੀਚੇਂਜਰ, ਬੇਗੋਵਾਲ

ਹਵਾਈ ਟਿਕਟਾਂ ਲਈ ਵੀ ਸੰਪਰਕ ਕਰੋ

**ਸਰੂਪ ਸਿੰਘ ਖਾਸਰੀਆ (ਯੂਥ ਆਗੂ)**

**98154-35145**

**ਮੇਨ ਬਜ਼ਾਰ ਬੇਗੋਵਾਲ, ਕਪੂਰਥਲਾ**

ਜਗਤ ਬਾਬਾ ਗੁਰੂ ਨਾਨਕ ਸਾਹਿਬ ਜੀ ਦੇ 550ਵੇਂ ਪ੍ਰਕਾਸ਼ ਉਤਸਵ ਦੀਆਂ ਹਾਰਦਿਕ ਮੁਬਾਰਕਾਂ



# ਰਮੇਸ਼ ਗਿਫ਼ਟ ਸੈਂਟਰ

ਇੱਥੇ ਪੱਖੇ, ਗੈਸ ਚੁੱਲੇ, ਅਲਮਾਰੀਆਂ ਅਤੇ ਇਲੈਕ੍ਰਟਾਨਿਕ
ਦਾ ਸਮਾਨ ਬਾਜ਼ਾਰ ਨਾਲੋਂ ਸਸਤਾ ਅਤੇ ਵਧੀਆ ਮਿਲਦਾ ਹੈ

**ਰਮੇਸ਼ ਚੰਦਰ ਗਾਂਧੀ**

**99151-14870**

**ਮੇਨ ਬਜ਼ਾਰ ਬੇਗੋਵਾਲ, ਕਪੂਰਥਲਾ**

ਸਾਹਿਬ-ਏ-ਕਮਾਲ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਉਤਸਵ ਦੀਆਂ ਹਾਰਦਿਕ ਮੁਬਾਰਕਾਂ

# ਐਸ.ਐਸ. ਇੰਟਰਪ੍ਰਾਈਜ਼ਿਜ

ਹਵਾਈ ਟਿਕਟਾਂ, ਟੂਰ ਪੈਕਿਜ, ਕੋਰੀਅਰ,
ਅੰਬੈਸੀ ਫਾਈਲ, ਪਾਸਪੋਰਟ ਬਣਾਉਣ ਲਈ ਮਿਲੋ



ਅਮਰਜੀਤ ਸਿੰਘ

**ਪ੍ਰੋਪ. ਬਬਲਾ ਬੇਗੋਵਾਲ**

**99154-28009**
**98720-71078**

ਗੁਰਦੁਆਰਾ ਮੀਖੋਵਾਲ, ਸਾਹਮਣੇ ਰੋਡ,
ਮੇਨ ਬਜ਼ਾਰ ਬੇਗੋਵਾਲ



ਅਰਸ਼ਵੀਰ ਸਿੰਘ

ਸਾਹਿਬ-ਏ-ਕਮਾਲ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਉਤਸਵ ਦੀਆਂ ਹਾਰਦਿਕ ਮੁਬਾਰਕਾਂ



# ਕੁਲਵਿੰਦਰ ਸਿੰਘ ਬੱਬਲ (ਬੱਲ੍ਹਾ)

**ਉੱਘੇ ਸਮਾਜ ਸੇਵਕ**

ਤ੍ਰੈ ਮਾਸਿਕ ਪੁਸਤਕ ਲੜੀ

# ਰੂਹ ਪੰਜਾਬੀ

**ਅੰਕ : 22**

**ਅਕਤੂਬਰ-ਦਸੰਬਰ 2019**



**ਸੰਪਾਦਕ :**

ਸਤਵਿੰਦਰ ਬੇਗੋਵਾਲੀਆ

98154-65620

**ਸਹਿ-ਸੰਪਾਦਕ**

ਰਤਨ ਟਾਹਲਵੀ

ਰਾਮ ਲਾਲ ਭਗਤ

**ਮੁੱਖ ਸਰਪ੍ਰਸਤ**

ਡਾ. ਜਸਵੰਤ ਬੇਗੋਵਾਲ

**ਕੋਆਰਡੀਨੇਟਰ**

ਦਲਜੀਤ ਸਿੰਘ ਰਤਨ

ਬਬਲਾ ਬੇਗੋਵਾਲ

**ਸਰਪ੍ਰਸਤ**

ਡਾ. ਕਰਮਜੀਤ ਸਿੰਘ ਨਡਾਲਾ

ਸੁਰਿੰਦਰ ਮਕਸੂਦਪੁਰੀ

**ਪ੍ਰਬੰਧਕੀ ਬੋਰਡ**

ਨਿਸ਼ਾਨ ਸਿੰਘ ਯੂ.ਐਸ.ਏ.

ਕੁਲਦੀਪ ਸਿੰਘ ਅਕਬਰਪੁਰ

ਮਾ. ਨਿਸ਼ਾਨ ਸਿੰਘ

ਨਵਜੋਤ ਸਿੰਘ ਯੂ.ਐਸ.ਏ.



ਰਚਨਾਵਾਂ ਤੇ ਚੰਦੇ ਭੇਜਣ ਲਈ ਪਤਾ

* ਸਤਵਿੰਦਰ ਬੇਗੋਵਾਲੀਆ,

ਵਾਰਡ ਨੰ. 2,

ਟਾਂਡਾ ਰੋਡ ਬੇਗੋਵਾਲ

(ਕਪੂਰਥਲਾ)-144621

Email :

daljit44411@yahoo.co.in


## ਇਸ ਅੰਕ ਦੇ ਲੇਖਕ

**ਸੰਪਾਦਕੀ**

ਪ੍ਰੋ. ਸਤਵਿੰਦਰ ਬੇਗੋਵਾਲੀਆ

**ਕਾਵਿ ਸੰਸਾਰ**

ਮਨਮੋਹਨ ਸਿੰਘ ਦਾਊਂ, ਪ੍ਰੋ. ਕੁਲਵੰਤ ਸਿੰਘ ਔਜਲਾ, ਰਤਨ ਟਾਹਲਵੀ, ਤਰਨਦੀਪ ਸਿੰਘ ਰਤਨ (ਕੈਨੇਡਾ), ਡਾ. ਧਰਮ ਚੰਦ ਵਾਤਿਸ਼, ਮਹਿੰਦਰ ਸਿੰਘ ਮਾਨ, ਰਾਮ ਲਾਲ ਭਗਤ, ਸੁਖਦੇਵ ਸਿੱਧੂ, ਧੋਰਿੰਦਰ ਸਿੰਘ ਢਪਾਲੀ

**.ਗਜ਼ਲ ਸੱਥ**

ਪ੍ਰੋ. ਜਸਵੰਤ ਕੈਲਵੀ, ਭਜਨ ਸਿੰਘ ਵਿਰਕ, ਮਹਿੰਦਰ ਸਿੰਘ ਮਾਨ, ਜਸਵਿੰਦਰ ਸਿੰਘ ਰੁਪਾਲ,

**ਗੀਤ ਪਟਾਰੀ**

ਬਬਲਾ ਬੇਗੋਵਾਲ, ਪ੍ਰੋ. ਜਸਵੰਤ ਕੈਲਵੀ, ਸੁਖਬੀਰ ਸਿੰਘ ਨੂਰ, ਜਗਜੀਤ ਸਿੰਘ 'ਗੁਰਮ', ਮਲਕੀਤ ਦਰਦੀ,

**ਇਕਾਂਗੀ/ ਨਾਟਕ**

ਸਤਵਿੰਦਰ ਬੇਗੋਵਾਲੀਆ,

**ਨਿਬੰਧ**

ਸ. ਦਲਜੀਤ ਸਿੰਘ ਰਤਨ, ਜਸਵਿੰਦਰ ਸਿੰਘ 'ਰੁਪਾਲ', ਡਾ. ਨਿਸ਼ਾਨ ਸਿੰਘ ਰਾਠੌਰ

**ਮਿੰਨੀ ਕਹਾਣੀਆਂ/ਕਹਾਣੀ**

ਸਤਵਿੰਦਰ ਬੇਗੋਵਾਲੀਆ, ਬਿਕਰਮਜੀਤ ਨੂਰ, ਰਘਬੀਰ ਸਿੰਘ ਮਹਿਮੀ, ਕਰਮਵੀਰ ਸਿੰਘ ਸੂਰੀ, ਬਲਵੀਰ ਮੰਨਣ


ਸੰਪਾਦਕੀ ਬੋਰਡ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

ਲੇਖਕ ਆਪਣੀ ਰਚਨਾ ਲਈ ਖ਼ੁਦ ਜ਼ਿੰਮੇਵਾਰ ਹੋਵੇਗਾ। ਵਾਲੀਆ ਪ੍ਰਿੰਟਰ ਤੋਂ ਛਪਵਾ ਕੇ ਦਫ਼ਤਰ ਰੂਹ ਪੰਜਾਬੀ ਜਲੰਧਰ ਤੋਂ ਜਾਰੀ ਕੀਤਾ।




*ਸੰਪਾਦਕੀ*

## ਗੁਰੂ ਨਾਨਕ ਸਾਹਿਬ-ਇਨਕਲਾਬੀ ਸੁਧਾਰਕ

ਗੁਰੂ ਨਾਨਕ ਸਾਹਿਬ ਦੇ ਜਨਮ ਸਮੇਂ ਪੰਜਾਬ ਸਦੀਆਂ ਦੀ ਗੁਲਾਮੀ ਕਾਰਨ ਸਮਾਜਿਕ, ਧਾਰਮਿਕ ਅਤੇ ਸਦਾਚਾਰਕ ਬੁਰਾਈਆਂ ਵਿੱਚ ਬੁਰੀ ਤਰ੍ਹਾਂ ਉਲਝਿਆ ਹੋਇਆ ਸੀ। ਜਾਤੀ ਪ੍ਰਥਾ ਅਤੇ ਛੂਤ-ਛਾਤ ਦੀ ਬਿਮਾਰੀ ਹਿੰਦੂ ਸਮਾਜ ਨੂੰ ਘੁਣ ਵਾਂਗ ਖਾਈ ਜਾ ਰਹੀ ਸੀ। ਹਿੰਦੂ ਸਮਾਜ ਵਿੱਚ ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਆਦਿ ਜਾਤੀਆਂ ਸਨ। ਬ੍ਰਾਹਮਣਾਂ ਅਤੇ ਹੋਰ ਉੱਚ ਜਾਤੀਆਂ ਸ਼ੂਦਰਾਂ ਨਾਲ ਗੁਲਾਮਾਂ ਵਾਲਾ ਵਿਹਾਰ ਕਰਦੇ ਸਨ। ਸ਼ੂਦਰਾਂ ਨੂੰ ਮੰਦਰਾਂ ਵਿਚ ਜਾਣ ਦੀ ਮਨਾਹੀ ਸੀ, ਉਹ ਉਹਨਾਂ ਨਦੀਆਂ ਵਿਚ ਇਸ਼ਨਾਨ ਨਹੀਂ ਕਰ ਸਕਦੇ ਸਨ ਜਿਹਨਾਂ ਨਦੀਆਂ ਨੂੰ 'ਪਵਿੱਤਰ' ਸਮਝਿਆ ਜਾਂਦਾ ਸੀ। ਜਾਤੀ ਭੇਦ ਅਤੇ ਵਿਤਕਰੇ ਨੂੰ ਮਿਟਾਉਣ ਲਈ ਗੁਰੂ ਨਾਨਕ ਸਾਹਿਬ ਨੇ ਸੰਗਤ ਅਤੇ ਪੰਗਤ ਦੀ ਪ੍ਰਥਾ ਸ਼ੁਰੂ ਕੀਤੀ। ਉਹ ਖੁਦ ਭਾਈ ਲਾਲੋ ਦੇ ਘਰ ਠਹਿਰੇ ਅਤੇ ਉਸ ਦੀ ਰੁੱਖੀ ਸੁਖੀ ਰੋਟੀ ਖਾਧੀ ਅਤੇ ਮਲਿਕ ਭਾਗੋ ਦੇ ਪਕਵਾਨ ਠੁਕਰਾ ਦਿੱਤੇ। ੧ਓ ਦਾ ਪ੍ਰਚਾਰ ਕਰਕੇ ਸੰਦੇਸ਼ ਦਿੱਤਾ ਕਿ ਸਭਨਾਂ ਲੋਕਾਂ ਦਾ ਰਚਨਹਾਰ ਇਕੋ ਇਕ ਪ੍ਰਮਾਤਮਾ ਹੈ।

ਗੁਰੂ ਨਾਨਕ ਸਾਹਿਬ ਨੇ 'ਕਿਰਤ ਕਰੋ, ਨਾਮ ਜਪੋ, ਵੰਡ ਛਕੋ, ਨੂੰ ਆਪਣੇ ਹਰ ਸਿੱਖ ਲਈ ਬੁਨਿਆਦੀ ਸਿਧਾਂਤ ਦਿੱਤਾ। ਵਿਹਲੜਾਂ ਵਾਸਤੇ ਸਿੱਖ ਧਰਮ ਵਿੱਚ ਕੋਈ ਥਾਂ ਨਹੀਂ। ਚੰਗੇ ਕੰਮਾਂ ਨਾਲ ਹੀ ਮਨੁੱਖ ਕੁਦਰਤ ਦੀ ਗੋਦ ਦਾ ਆਨੰਦ ਮਾਣ ਸਕਦਾ ਹੈ।

'ਅੰਜਨ ਮਾਹਿ ਨਿਰੰਜਨ ਰਹੀਐ'

ਭਾਵ ਦੁਨੀਆ ਵਿੱਚ ਰਹੋ ਪਰ ਸ਼ੁਭ ਕੰਮ ਕਰੋ।

ਗੁਰੂ ਨਾਨਕ ਦੇਵ ਜੀ ਨੇ ਗ੍ਰਹਿਸਤ ਜੀਵਨ ਨੂੰ ਸਰਵੋਤਮ ਜੀਵਨ ਦੱਸਿਆ। ਗ੍ਰਹਿਸਤ ਵਿੱਚ ਹੀ ਪ੍ਰੇਮ ਅਤੇ ਭਾਈਚਾਰੇ ਦੀ ਮਹਿਕ ਮਹਿਸੂਸ ਕੀਤੀ ਜਾ ਸਕਦੀ ਹੈ? ਸੰਨਿਆਸੀ ਜੀਵਨ ਤਾਂ ਹਾਰੀ ਹੋਈ ਖੇਡ ਖੇਡਣ ਵਾਂਗ ਹੈ। ਮੂੰਹ ਤੇ ਭਬੂਤ ਮਲਣਾ, ਇੱਕ ਲੱਤ ਭਾਰ ਖੜੇ ਹੋਣਾ ਜਾਂ ਰੁੱਖਾਂ ਨਾਲ ਪੁੱਠਾ ਲਟਕਣਾ ਆਦਿ ਕਿਰਿਆਵਾਂ ਦਾ ਮੁਕਤੀ ਨਾਲ ਕੋਈ ਸਬੰਧ ਨਹੀਂ ਹੈ।

ਗੁਰੂ ਨਾਨਕ ਸਾਹਿਬ ਨੇ ਮੂਰਤੀ ਪੂਜਾ ਦਾ ਜ਼ੋਰਦਾਰ ਸ਼ਬਦਾਂ ਵਿੱਚ ਖੰਡਨ ਕੀਤਾ। ਉਹਨਾਂ ਅਨੁਸਾਰ ਰੱਬ ਦੀ ਮੂਰਤੀ ਬਣਾ ਕੇ ਉਸ ਦੀ ਪੂਜਾ ਕਰਨਾ ਭਾਰੀ ਅਪਮਾਨ ਹੈ। ਕਿਉਂਕਿ ਰੱਬ ਦਾ ਕੋਈ ਰੂਪ ਨਹੀਂ। ਥੋੜ੍ਹੇ ਸਮੇਂ ਬਾਅਦ ਮੂਰਤੀਆਂ ਦੀ ਚਮਕ ਫਿੱਕੀ ਪੈ ਜਾਂਦੀ ਹੈ। ਤੇਜ਼ ਹਨ੍ਹੇਰੀ ਆਉਣ ਤੇ ਜ਼ਮੀਨ ਤੇ ਰੱਖੀਆਂ ਮੂਰਤੀਆਂ ਡਿੱਗ ਪੈਂਦੀਆਂ ਹਨ। ਪਾਣੀ ਵਿੱਚ ਰੱਖਣ ਨਾਲ ਇਹ ਡੁੱਬ ਜਾਂਦੀਆਂ ਹਨ। ਅਜਿਹੀਆਂ ਮੂਰਤੀਆਂ ਕਿਸੇ ਵਿਅਕਤੀ ਨੂੰ ਭਵ ਸਾਗਰ ਵਿਚੋਂ ਕਿਵੇਂ ਪਾਰ ਲੰਘਾ ਸਕਦੀਆਂ ਹਨ? ਧਰਮ ਦੇ ਨਾਂ ਤੇ ਯੱਗ, ਬਲੀ, ਤੀਰਥਾਂ ਤੇ ਜਾਣਾ ਅਤੇ ਹੋਰ ਕਰਮ ਕਾਂਡਾਂ ਨੂੰ ਗੁਰੂ ਜੀ ਨੇ ਬੇਕਾਰ ਦੱਸਿਆ।

ਆਰਥਿਕ ਪੱਖ ਤੋਂ ਕਿਰਤੀ ਵਰਗ ਦਾ ਉਸ ਸਮੇਂ ਬੁਰਾ ਹਾਲ ਸੀ। ਉੱਚ ਵਰਗ ਅਤੇ ਹਾਕਮਾਂ ਦੇ ਅਮੀਰਜ਼ਾਦਿਆਂ ਅੰਦਰ ਐਸ਼ਪ੍ਰਸਤੀ ਅਤੇ ਵਿਹਲੜਪੁਣਾ ਫੈਲਿਆ ਹੋਇਆ ਸੀ। ਗੁਰੂ ਜੀ ਇਸ ਘਿਨੌਣੇ ਵਰਤਾਰੇ ਦੀ ਨਿਖੇਧੀ ਕਰਦੇ ਹੋਏ ਕਿਰਤੀ ਵਰਗ ਨਾਲ ਖੜ੍ਹੇ ਅਤੇ ਕਿਹਾ :

ਰਾਜੇ ਸ਼ੀਂਹ ਮੁਕਦਮ ਕੁੱਤੇ॥
ਜਾਇ ਜਗਾਇਨਿ ਬੈਠੇ ਸੁਤੇ॥

ਉਸ ਸਮੇਂ ਔਰਤ ਜਾਤੀ ਨੂੰ ਪੈਰ ਦੀ ਜੁੱਤੀ ਸਮਝ ਕੇ ਅਪਮਾਨਤ ਕੀਤਾ ਜਾਂਦਾ ਸੀ। ਗੁਰੂ ਨਾਨਕ ਸਾਹਿਬ ਨੇ ਸਮਾਜ ਵਿੱਚ ਇਸਤਰੀ ਨੂੰ ਮਾਣਯੋਗ ਅਸਥਾਨ ਦੇਣ ਦਾ ਪ੍ਰਚਾਰ ਕੀਤਾ-

ਸੋ ਕਿਉਂ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

ਗੁਰੂ ਨਾਨਕ ਸਾਹਿਬ ਨੇ ਸੰਸਕ੍ਰਿਤ ਨੂੰ ਪਵਿੱਤਰ ਭਾਸ਼ਾ ਮੰਨਣ ਤੋਂ ਨਾਂਹ ਕਰ ਦਿੱਤੀ। ਉਹਨਾਂ ਆਪਣੇ ਉਪਦੇਸ਼ ਵੀ ਲੋਕ-ਭਾਸ਼ਾ ਵਿੱਚ ਦਿੱਤੇ। ਗੁਰੂ ਜੀ ਗ੍ਰੰਥਾਂ, ਵੇਦਾਂ, ਪੁਰਾਣਾਂ ਅਤੇ ਹੋਰ ਧਾਰਮਿਕ ਪੁਸਤਕਾਂ ਦੇ ਵਿਰੁੱਧ ਨਹੀਂ ਸਨ ਪਰ ਉਹਨਾਂ ਗ੍ਰੰਥਵਾਦ ਦੀ ਵਿਰੋਧਤਾ ਕੀਤੀ ਅਤੇ ਦੱਸਿਆ ਕਿ ਇਹ ਗ੍ਰੰਥ ਪੜ੍ਹਨ ਨਾਲ ਕੋਈ ਫਾਇਦਾ ਨਹੀਂ ਹੋਣਾ ਜਦੋਂ ਤੱਕ ਅਮਲ ਨਹੀਂ ਕੀਤਾ ਜਾਂਦਾ।

ਪੜਿ ਪੜਿ ਗੱਡੀ ਲੱਦੀ ਆਹਿ,
ਪੜਿ ਪੜਿ ਭਰੀਅਹਿ ਸਾਥ।
..............................................
ਨਾਨਕ ਲੇਖੈ ਇਕ ਗਲ
ਹੋਰ ਹਉਮੈ ਝਖਣਾ ਝਾਖ।

ਗੁਰੂ ਨਾਨਕ ਦੇਵ ਜੀ ਨੇ ਰਾਜਿਆਂ ਦੁਆਰਾ ਲੋਕਾਂ ਤੇ ਕੀਤੇ ਜ਼ੁਲਮਾਂ ਨੂੰ ਪੂਰੀ ਤਰ੍ਹਾਂ ਭੰਡਿਆ। ਬਾਬਰ ਦੇ ਜ਼ੁਲਮ ਅਤੇ ਅੱਤਿਆਚਾਰ ਉਹਨਾਂ ਪਾਸੋਂ ਵੇਖੇ ਨਾ ਗਏ। ਗੁਰੂ ਜੀ ਨੇ ਬਾਬਰ ਦੀ ਫੌਜ ਨੂੰ ਪਾਪ ਦੀ ਜੰਞ ਅਤੇ ਬਾਬਰ ਨੂੰ ਜਮ ਕਿਹਾ :

ਪਾਪ ਕੀ ਜੰਞ ਲੈ ਕਾਬਲਹੁ ਧਾਇਆ
ਜੋਰੀ ਮੰਗੈ ਦਾਨੁ ਵੇ ਲਾਲੋ॥

ਸੰਖੇਪ ਵਿਚ ਕਿਹਾ ਜਾ ਸਕਦਾ ਹੈ ਗੁਰੂ ਨਾਨਕ ਦੇਵ ਜੀ ਨੂੰ ਪ੍ਰਗਤੀਵਾਦੀ ਸੁਧਾਰਕ ਕਿਹਾ ਜਾ ਸਕਦਾ ਹੈ। ਉਹਨਾਂ ਨੇ ਸਮਾਜਿਕ, ਧਾਰਮਿਕ, ਆਰਿਥਕ ਅਤੇ ਰਾਜਨੀਤਿਕ ਖੇਤਰ ਵਿੱਚ ਆਪਣੀ ਭੂਮਿਕਾ ਇੰਨੀ ਅਸਰਦਾਰ ਨਿਭਾਈ ਕਿ ਸਮਾਜ ਵਿੱਚ ਕ੍ਰਾਂਤੀ ਦੇ ਬੀ ਬੀਜ ਦਿੱਤੇ। ਭਾਈ ਗੁਰਦਾਸ ਨੇ ਠੀਕ ਹੀ ਲਿਖਿਆ ਹੈ :

ਸਤਿਗੁਰੂ ਨਾਨਕ ਪ੍ਰਗਟਿਆ, ਮਿਟੀ ਧੁੰਦ ਜਗੁ ਚਾਨਣੁ ਹੋਆ॥

**-ਸਤਵਿੰਦਰ ਬੇਗੋਵਾਲੀਆ**


◆◆◆



# ਕਾਵਿ ਸੰਸਾਰ

## ਮਾਈ ਦੌਲਤਾਂ ਦਾਈ

**ਮਨਮੋਹਨ ਸਿੰਘ ਦਾਊਂ**



ਰਾਇ ਭੋਇੰ ਦਾ
ਪਿੰਡ ਤਲਵੰਡੀ
ਘੂਕ ਨੀਂਦਰ 'ਚ ਸੁੱਤਾ
ਚੁੱਪ-ਚਾਪ ਸੀ।

ਦੌਲਤਾਂ ਦਾਈ ਨੂੰ ਹਾਕ ਵੱਜੀ :
ਕਾਲੂ ਮਹਿਤਾ ਦੇ ਘਰੀਂ
ਜੰਮਣ ਪੀੜਾਂ ਹੰਢਾਉਂਦੀ
ਮਾਤਾ ਤ੍ਰਿਪਤਾ ਬੇਚੈਨ ਹੈ
ਉਠ ਦੌਲਤਾਂ....
ਤੇਰੀ ਇੰਤਜ਼ਾਰ ਹੋ ਰਹੀ ਹੈ।

ਆਵਾਜ਼ ਸੁਣ
ਮਾਈ ਦੌਲਤਾਂ ਉਠੀ
ਅੰਬਰ ਵੱਲ ਝਾਤ ਮਾਰੀ,
ਹੱਥ ਸੁੱਚੇ ਕੀਤੇ
ਰੱਬ ਧਿਆਇਆ
ਤੇ ਘਰੋਂ-ਤਰ ਪਈ
ਕਾਹਲੀ-ਕਾਹਲੀ
ਗਲੀ ਦੇ ਮੋੜ ਕੱਟਦੀ
ਖ਼ੈਰ-ਸੁੱਖ ਮੰਗਦੀ।

ਬੂਹੇ 'ਤੇ ਦਸਤਕ ਦਿੱਤੀ
ਰਾਤੜੀ ਪੌਣ ਮਸੁਕਰਾਈ।
ਬੂਹਾ ਖੁੱਲ੍ਹਿਆ

ਕੱਚੇ-ਕੱਚੇ ਹਨ੍ਹੇਰੇ 'ਚ
ਚੁੱਪ-ਚਾਪ....
ਦੀਵਟੀ 'ਤੇ ਮੁਗਧ ਹੋਇਆ
ਦੀਵਾ ਜਗ ਰਿਹਾ ਸੀ।
ਬੰਦ ਬੂਹਿਆਂ ਨੇ
ਆਖਰ ਖੁੱਲ੍ਹਣਾ ਸੀ,
ਚਾਨਣ ਜਗਣਾ ਸੀ,
ਕਾਇਨਾਤੀ ਕੁੱਖ 'ਚੋਂ
ਇਕ ਜੋਤ
ਉਦੈ ਹੋਣੀ ਸੀ।
ਆਖਰ.....
ਚਾਨਣ ਨੇ ਕਾਇਆ ਧੋਈ
ਤ੍ਰਿਪਤ ਸਹਿਜ ਹੋਈ,
ਇਕ ਨੂਰ ਮੁਸਕਰਾਇਆ
ਤੇ ਪੂਰਬ ਜਗ-ਮਗਾਇਆ
ਇਹ ਕੇਹਾ ਆਗਮਨ ਹੋਇਆ
ਭਾਗਵੰਤੀ-ਦੌਲਤਾਂ ਦੇ ਹੱਥਾਂ 'ਚ
ਮੁਸਕਾਨਾਂ ਵੰਡਦਾ, ਹਨ੍ਹੇਰਾ ਛੰਡਦਾ।
ਇੱਕ ਦੈਵੀ ਫੁੱਲ
ਖਿੜਿਆ
ਜਿਸ ਦੀ ਖੁਸ਼ਬੂ ਨਿਆਰੀ
ਅਤਿ ਪਿਆਰੀ
ਤੇ ਰੂਪ ਨਿਰਾ-ਨਿਰੰਕਾਰੀ।

ਉਜਾਲਾ ਹੋਇਆ....
ਦੌਲਤਾਂ ਦੇ ਨੈਣ ਚਮਕ ਉਠੇ
ਅਗੰਮੀ ਨੂਰ ਦੀ ਪਹਿਲੀ ਛੂਹ
ਦੌਲਤਾਂ ਨੇ ਮਾਣੀ,
ਪ੍ਰਕਾਸ਼ ਦੇ ਪ੍ਰਥਮ ਦਰਸ਼ਨ
ਸੁਭਾਗੀ ਦੌਲਤਾਂ ਨੇ ਕੀਤੇ।
ਖ਼ੁਦਾਇਆ...
ਇਹ ਕੇਹਾ ਨੂਰੀ ਹੈ ਨੀਂਗਰ



ਚਾਨਣ ਵਰੋਸਾਈ ਦੌਲਤਾਂ
ਮੁਬਾਰਕਾਂ ਦੇਂਦੀ ਨਾ ਥੱਕੇ।

ਦੇਵੋ ਜੱਗ ਨੂੰ ਵਧਾਈਆਂ
ਤੇ ਬਚਨ ਬੋਲੇ :
ਧੰਨ ਸੁ ਵੇਲਾ
ਧੰਨ ਸੁ ਜਣਨੀ
ਧੰਨ ਪਿਤਾ
ਧੰਨ ਤਲਵੰਡੀ
ਜਿੱਥੇ ਚਾਨਣ ਹੈ ਮੁਸਕਾਇਆ।

98151-23900

◆◆◆

## ਵੰਡਨਾਮਾ

**ਪ੍ਰੋ. ਕੁਲਵੰਤ ਔਜਲਾ**

ਦਿਲ ਵੰਡੇ, ਦਰਿਆ ਵੰਡੇ, ਵੰਡੀ ਖ਼ੂਬ ਲੋਕਾਈ
ਹੁਣ ਵੰਡਣ ਨੂੰ ਫਿਰੀਏ ਬਾਬਾ ਰਲ ਮਿਲ ਤੇਰੀ ਖ਼ੁਦਾਈ

ਰੂਹਾਂ, ਰਾਗਾਂ, ਰਮਜ਼ਾਂ ਜੇਹੀ ਫ਼ਕੀਰੀ ਦਿੱਤੀ ਬਾਬਾ ਤੂੰ
ਸ਼ਬਦਾਂ ਸੰਗ ਸਰੋਦ ਕਰੇਂਦੀ ਧੜਕਣ ਜੇਹੀ ਅਮੀਰੀ ਦਿੱਤੀ ਬਾਬਾ ਤੂੰ
ਅਸੀਂ ਬਣਾ ਲਿਆ ਐਪਰ ਇਸਨੂੰ ਫਾਇਦੇਮੰਦ ਕਮਾਈ
ਹੁਣ ਵੰਡਣ ਨੂੰ ਫਿਰੀਏ ਬਾਬਾ ਰਲ ਮਿਲ ਤੇਰੀ ਖ਼ੁਦਾਈ

ਸੱਚਾ ਸੌਦਾ ਤੇਰਾ ਬਾਬਾ ਬੀਤ ਚੁੱਕੇ ਦੀ ਬਾਤ ਹੋ ਗਿਆ
ਤੇਰਾ ਪੂਰਾ ਭਾਈਚਾਰਾ ਭਾਂਤ ਭਾਂਤ ਦੀ ਜ਼ਾਤ ਹੋ ਗਿਆ
ਜਸ਼ਨਾਂ ਵਿਚ ਗਵਾਚ ਗਿਆ ਹੈ ਤੇਰਾ ਲਾਲੋ ਭਾਈ
ਹੁਣ ਵੰਡਣ ਨੂੰ ਫਿਰੀਏ ਬਾਬਾ ਰਲ ਮਿਲ ਤੇਰੀ ਖ਼ੁਦਾਈ

ਉੱਚੇ ਤਖ਼ਤਾਂ ਉਤੇ ਬੈਠੇ ਡਾਹਢਾ ਕੂੜ ਕੁਸੱਤ ਬੋਲਦੇ
ਬਾਹੂਬਲੀ ਬੇਅਦਬੀ ਪ੍ਰਾਣੀ ਸ਼ੌਰੇ ਕੀ ਕੀ ਕੁਫ਼ਰ ਤੋਲਦੇ
ਗੱਦੀਆਂ, ਗੁੰਬਦਾਂ, ਗੋਲਕਾਂ ਲਈ ਕਰਨ ਲੜਾਈ
ਹੁਣ ਵੰਡਣ ਨੂੰ ਫਿਰੀਏ ਬਾਬਾ ਰਲ ਮਿਲ ਤੇਰੀ ਖ਼ੁਦਾਈ

ਦਿਲ ਦਾ ਲਾਂਘਾ ਖੋਹਲਣ ਦੀ ਥਾਂ ਰਸਮੀ ਲਾਂਘਾ ਮੰਗਦੇ ਬਾਬਾ
ਅਤਿ ਜ਼ਹਿਰੀਲੇ ਬੋਲਾਂ ਦੇ ਨਾਲ ਇੱਕ ਦੂਜੇ ਨੂੰ ਡੰਗਦੇ ਬਾਬਾ
ਚੰਗਾ ਸੀ ਕੱਢ ਲੈਂਦੇ ਪਹਿਲਾਂ ਢਿੱਡਾਂ 'ਚੋਂ ਰੁਸਵਾਈ
ਹੁਣ ਵੰਡਣ ਨੂੰ ਫਿਰੀਏ ਬਾਬਾ ਰਲ ਮਿਲ ਤੇਰੀ ਖ਼ੁਦਾਈ

ਸੌੜੇ ਤੇ ਖ਼ੁਦਗਰਜ਼ ਸਿਆਸਤ ਘਰ ਤੇਰੇ ਵਿਚ ਵੜ ਗੀ ਬਾਬਾ
ਮਹਾਂਬਲੀ ਮਹੰਤਾਂ ਵਾਲੀ ਫਿਰ ਤੋਂ ਗੁੱਡੀ ਚੜ੍ਹ ਗਈ ਬਾਬਾ
ਵੰਨ ਸੁਵੰਨੇ ਦੂਸ਼ਣਾਂ ਦੀ ਉੱਚੀ ਉੱਚੀ ਪਾਉਣ ਦੁਹਾਈ
ਹੁਣ ਵੰਡਣ ਨੂੰ ਫਿਰੀਏ ਬਾਬਾ ਰਲ ਮਿਲ ਤੇਰੀ ਖ਼ੁਦਾਈ


ਜਪੁਜੀ, ਆਸਾ, ਬਾਬਰਵਾਣੀ ਢਿੱਡੋਂ ਭੁੱਲ ਭੁਲਾ ਗਏ ਬਾਬਾ
ਭੇਖਾਂ ਤੇ ਪਹਿਰਾਵਿਆਂ ਨੇ ਵਾਰਿਸ ਤੇਰੇ ਫਾਹ ਲਏ ਬਾਬਾ
ਬਿਜਨਿਸ ਵਾਂਗੂੰ ਵੇਚਦੇ ਤੇਰੀ ਵਡਿਆਈ
ਹੁਣ ਵੰਡਣ ਨੂੰ ਫਿਰੀਏ ਬਾਬਾ ਰਲ ਮਿਲ ਤੇਰੀ ਖ਼ੁਦਾਈ

ਮੋ. 84377-88856

◆◆◆

## ਜਗਤ ਬਾਬਾ ਨਾਨਕ ਜੀ

**ਰਤਨ ਟਾਹਲਵੀ**



ਬਾਬਾ ਤੂੰ ਕਹਿੰਦਾ ਸੈਂ
ਕਿਰਤ ਕਰੋ ਤੇ ਵੰਡ ਕੇ ਛਕੋ।
ਪਰ ਅੱਜ ਸਭ
ਉਲਟਾ ਪੁਲਟਾ ਗਿਆ ਏ ਹੋ।
ਕਿਰਤ ਕਿਤੇ ਪੰਖੇਰੂ ਗਈ ਏ ਹੋ।
ਤੇ ਫਿਰ ਰਲ ਕੇ
ਫ਼ਕੀਰਾਂ ਦੀ ਤਰ੍ਹਾਂ ਤੇਰੀ ਸਿਫ਼ਤ ਸਲਾਹ ਕਿਵੇਂ ਹੋਵੇ?

ਅੱਜ ਘੁਟਾਲਿਆਂ ਦਾ ਨਾਂ ਹੈ
ਵੰਡ ਕੇ ਛਕਣਾ ਤੇ ਸੱਚੀ ਕਿਰਤ ਕਰਨੀ
ਅੱਜ ਮਲਕ ਭਾਗੋ
ਤੇ ਬਾਬਰ ਦੇ ਦੇਸ਼ ਵਿੱਚ



ਨਾ ਲਾਲੋ ਲਭਦਾ ਏ ਤੇ ਨਾ ਹੀ ਬਾਬਾ ਤੂੰ ਮਿਲਦਾ ਏਂ।

ਅੱਜ ਜੇ ਲਭਦੇ ਨੇ
ਤਾਂ ਸਾਧ ਬਣਿਆਂ ਦੇ ਡੇਰੇ
ਜਿੱਥੇ ਕੋਈ ਅੰਮ੍ਰਿਤ ਵਰਖਾ ਨਹੀਂ ਹੁੰਦੀ

ਜ਼ਹਿਰ ਨਾਲ ਲੈਸ ਸਿਆਸੀ ਬਾਣ ਚਲਦੇ ਨੇ
ਸਾਧਾਂ ਦੇ ਡੇਰੇ।
ਤੇ
ਵਗਦੀਆਂ ਨੇ ਨਦੀਆਂ ਇਨ੍ਹਾਂ ਦੇ ਡੇਰੇ ਵੀ
ਕਿਸੇ ਲਾਲ ਸੂਹੇ ਰੰਗ ਵਰਗੀਆਂ
ਪਰ ਇਨ੍ਹਾਂ ਦੇ ਚਿੱਟੇ ਬਾਣੇ
ਫਿਰ ਵੀ ਦਾਗ਼ਦਾਰ ਨਹੀਂ ਹੁੰਦੇ।
ਭਾਵੇਂ ਇਹ ਦਿਨ ਵਿੱਚ ਅਜਿਹੀਆਂ ਕਈ ਨਦੀਆਂ ਤਰਦੇ ਨੇ।

ਹੁਣ ਤਾਂ ਬਾਬਾ
ਸਾਧਾਂ ਦੇ ਡੇਰੇ ਸਿਆਸਤ ਦੇ
ਬਣ ਚੁੱਕੇ ਨੇ ਅੱਡੇ।
ਚੰਗਾ ਇਸ 'ਚ ਹੈ
ਕਿ ਤੂੰ ਨਾ ਹੀ ਆ
ਤੇਰੇ ਪੰਥ ਨੂੰ ਏਥੇ,
ਡੇਰਾ-ਸਿਆਸਤ ਨੇ ਨਹੀਂ ਚਲਣ ਦੇਣਾ।

**ਸੰਪਰਕ** : 81462-10637

◆◆◆

# ਨਾਨਕ ਸ਼ਾਹੂਕਾਰ ਵੱਡਾ ਹੈ

-ਤਰਨਦੀਪ ਸਿੰਘ ਰਤਨ (ਕੈਨੇਡਾ)



ਹੈ ਕੁਲ ਲੋਕਾਈ-ਖ਼ਲਕਤ ਉਹਦੀ,
ਨਾਨਕ ਦਾ ਪਰਿਵਾਰ ਵੱਡਾ ਹੈ,
ਦਰ ਖੁੱਲ੍ਹਾ ਸਭਨਾਂ ਲਈ ਉਹਦਾ,
ਨਾਨਕ ਦਾ ਦਰਬਾਰ ਵੱਡਾ ਹੈ,
ਬਸ; ਧਰਮਾਂ ਤਕ ਮਹਦੂਦ ਨਾ ਕਰ,
ਨਾਨਕ ਦਾ ਵਿਸਤਾਰ ਵੱਡਾ ਹੈ।

ਨਹੀਂ ਤਾਰੇ ਕੱਲੇ ਜੀਅ-ਜੰਤ,
ਤੁਸਾਂ ਪੰਜਿਆਂ ਦੇ ਨਾਲ ਪੱਥਰ ਤਾਰੇ,
ਜਿਸ ਰਾਹੀਂ ਤੁਸਾਂ ਬਾਣੀ ਉਚਰੀ,
ਉਹ ਸਾਜ, ਸੁਰਾਂ ਤੇ ਅੱਖਰ ਤਾਰੇ,
ਧਰਤੀ ਦੇ ਹਰ ਕਣ ਕਣ ਉਤੇ,
ਨਾਨਕ ਦਾ ਉਪਕਾਰ ਵੱਡਾ ਹੈ।

ਇਕ ਉਪਦੇਸ਼ ਦਿੱਤਾ ਹਰ ਜਾਮੇਂ,
ਜੋ ਸਿਮਰੇਗਾ ਪਾਰ ਹੋਏਗਾ,
ਸ਼ਬਦ ਗੁਰੂ; ਸੁਰਤ ਸਿੱਖ ਮੰਨੇ,
ਬਾਣੀ 'ਚੋਂ ਦੀਦਾਰ ਹੋਏਗਾ,
ਖੋਜ ਸ੍ਰੀ ਗੁਰੂ ਗ੍ਰੰਥ ਤੇ ਕਰ ਲੈ,
ਨਾਨਕ ਦਾ ਦਰਸਾਰ ਵੱਡਾ ਹੈ।

'ਰਤਨ' ਨਹੀਂ ਬਹੁਤਾ ਲੋੜ ਮੰਗਣ ਦੀ,
ਬਹੁਤੇ ਦੀ ਥਾਂ ਘੱਟ ਹੀ ਮੰਗ ਲੈ,
ਮੰਗ ਲੈ ਬਸ ਇਕ ਸਬਰ-ਸੰਤੋਖ,
ਤੇ ਨਾਲ ਥੋੜ੍ਹੀ ਸੁਮੱਤ ਹੀ ਮੰਗ ਲੈ,
ਮੰਗ ਲਉ ਜੋ, ਦੇ ਦੇਂਦੈ; ਸੁਣਿਆ,
ਨਾਨਕ ਸ਼ਾਹੂਕਾਰ ਵੱਡਾ ਹੈ।

◆◆◆



# ਸੰਵਾਦ

ਅਸੀਂ ਲੜਨਾ ਨਹੀਂ
ਗਾਲੀ ਗਲੋਚ ਨਹੀਂ ਕਰਨੀ
ਅਸੀਂ ਤਾਂ ਦਲੀਲ ਭਰੀ ਬਹਿਸ ਕਰਾਂਗੇ
ਤੁਹਾਡੇ ਫੋਕੇ ਲਾਰਿਆਂ ਦੀ
ਫੂਕ ਕੱਢਾਂਗੇ
ਆਪਣੇ ਸ਼ਬਦਾਂ ਦੇ ਹਥਿਆਰ ਨਾਲ
ਜੇ ਲੋੜ ਪਈ ਤਾਂ
ਭਰਚੀਟੇ ਵੀ ਬਣਾਂਗੇ
ਪਰ ਸਲੀਕਾ ਨਹੀਂ ਤਿਆਗਾਂਗੇ
ਤੁਸੀਂ ਬੰਦੂਕ ਦਿਖਾਵੋਗੇ
ਅਸੀਂ ਕੰਡਿਆਲੀ ਝਿੰਗ
ਪਰ ਪਹਿਲਾਂ
ਨਾਨਕ ਦੀ ਸਿੱਧ ਗੋਸਟਿ ਵਾਂਗ
ਸੰਵਾਦ ਰਚਾਓਣ 'ਚ
ਵਿਸ਼ਵਾਸ ਹੈ ਸਾਡਾ

ਡਾ. ਧਰਮ ਚੰਦ ਵਾਤਿਸ਼

◆◆◆

# ਗੁਰੂ ਨਾਨਕ ਨੂੰ

ਮਹਿੰਦਰ ਸਿੰਘ ਮਾਨ

ਹੇ ਗੁਰੂ ਨਾਨਕ
ਅਸੀਂ ਤੈਨੂੰ ਨਮਸਕਾਰ ਕਰਦੇ ਹਾਂ
ਕਿਉਂ ਕਿ ਤੂੰ ਸਾਨੂੰ
ਇਹ ਸਮਝਾਇਆ
ਕਿ ਸਭ ਮਨੁੱਖ ਬਰਾਬਰ ਹਨ
ਕੋਈ ਜਾਤ ਅਤੇ ਰੰਗ ਕਰਕੇ
ਵੱਡਾ, ਛੋਟਾ ਨਹੀਂ
ਕਿਸੇ ਦਾ ਹੱਕ ਖਾਣਾ
ਮਾਸ ਖਾਣ ਦੇ ਬਰਾਬਰ ਹੈ

ਹੇ ਗੁਰੂ ਨਾਨਕ
ਅਸੀਂ ਤੈਨੂੰ ਨਮਸਕਾਰ ਕਰਦੇ ਹਾਂ
ਕਿਉਂਕਿ ਤੂੰ ਸਾਨੂੰ
ਨਾਮ ਜਪਣਾ
ਦਸਾਂ ਨਹੁੰਆਂ ਦੀ ਕਿਰਤ ਕਰਨਾ
ਅਤੇ ਵੰਡ ਕੇ
ਛਕਣਾ ਸਿਖਾਇਆ
ਜ਼ੁਲਮ, ਜਬਰ ਦਾ ਨਿਡਰ ਹੋ ਕੇ
ਟਾਕਰਾ ਕਰਨਾ ਸਿਖਾਇਆ
ਔਰਤ ਦਾ ਸਤਿਕਾਰ
ਕਰਨਾ ਸਿਖਾਇਆ
ਜਿਸ ਨੇ ਗੁਰੂਆਂ, ਪੀਰਾਂ,
ਫਕੀਰਾਂ, ਪੈਗੰਬਰਾਂ,
ਮਹਾਰਾਜਿਆਂ, ਮਹਾਂਦਾਨੀਆਂ,
ਅਤੇ ਮਹਾਂਯੋਧਿਆ ਨੂੰ
ਜਨਮ ਦਿੱਤਾ ਹੈ
ਨਸ਼ਿਆਂ ਤੋਂ ਦੂਰ
ਰਹਿਣਾ ਸਿਖਾਇਆ
ਜਿਨ੍ਹਾਂ ਦੀ ਵਰਤੋਂ ਨਾਲ
ਮਨੁੱਖ, ਮਨੁੱਖ ਨਹੀਂ ਰਹਿੰਦਾ
ਸਗੋਂ ਪਸ਼ੂ ਬਣ ਜਾਂਦਾ ਹੈ।

99158-03554

◆◆◆

## ਪੰਜਾਬ

ਰਾਮ ਲਾਲ ਭਗਤ

ਆਓ ਨੀ ਸਹੀਓ ਕਰੋ ਦੁਆਵਾਂ
ਮੇਰਾ ਵੱਸਦਾ ਰਹੇ ਪੰਜਾਬ
ਹੱਸਣ-ਨੱਚਣ ਕੁੜੀਆਂ ਚਿੜੀਆਂ
ਜੀਕਣ ਮਹਿਕੇ ਫੁੱਲ ਗੁਲਾਬ....
ਜਾਤ ਪਾਤ ਦਾ ਖੰਡਨ ਹੋਵੇ



ਪੰਜਾਬ ਮੇਰਾ ਵੀ ਲੰਡਨ ਹੋਵੇ
ਜੱਗ ਸੁਣੇ ਨਾਨਕ ਦੀ ਬਾਣੀ
ਟਹਿਕਣ ਸ਼ਹੀਦਾਂ ਦੇ ਮਹਿਤਾਬ....
ਬਾਬਲ ਦੀ ਪੱਗ ਉੱਚੀ ਹੋਵੇ
ਵੀਰਿਆਂ ਦੀ ਸੱਥ ਸੁੱਚੀ ਹੋਵੇ
ਅਮਨ-ਸ਼ਾਂਤੀ ਦੇ ਵੱਜਣ ਨਗਾਰੇ
ਵਗਣ ਮੁਹੱਬਤਾਂ ਦੇ ਚਨਾਬ.....
ਹੀਰਿਆਂ ਦਾ ਨਗ ਦੇਖੇ ਜ਼ਮਾਨਾ
ਚੰਨ ਤਾਰੇ ਵੀ ਕਰਨ ਸਲਾਮਾਂ
ਸ਼ਹਿਜ਼ਾਦੀਆਂ ਦਾ ਮੋੜੋ ਕਰਜ਼ਾ
ਆਵੇ ਸਵਰਗਾਂ ਤੋਂ ਆਵਾਜ਼.....

98550-02264

◆◆◆

## ਆਜਾ ਬਾਬਾ ਨਾਨਕਾ

ਸੁਖਦੇਵ ਸਿੱਧੂ

ਸੁਣ ਲੈ ਬਾਬਾ ਨਾਨਕਾ,
ਆ ਜਾ ਬਾਬਾ ਨਾਨਕਾ,
ਆਪਣੇ ਵੈਦਾਂ ਨੂੰ ਕੁੱਝ ਸਮਝਾਂ ਜਾ ਬਾਬਾ ਨਾਨਕਾ

ਵੈਦਖਾਨਿਆਂ ਚ ਪਈਆਂ ਤੇਜ਼ ਛੁਰੀਆਂ,
ਗਰਭਾਂ ਚੋਂ ਭਿੱਜ ਭਿੱਜ ਆਉਣ ਮੁੜੀਆਂ,
ਕਨੱਈਆ ਸੀ ਸੋ ਸੇਵਾਦਾਰ ਭਲਾ ਸੋਚਦਾ,
ਉਹ ਸਿਹਤਮੰਦ ਦੁਨੀਆਂ ਸੀ ਹੋਣਾ ਲੋਚਦਾ!
ਗੱਲ ਖਾਨਿਆਂ ਚ ਪਾ ਜਾ,ਆਜਾ ਬਾਬਾ ਨਾਨਕਾ

ਅੱਜ ਮੰਗਦੇ ਨੇ ਮਰੀਜਾਂ ਦੀ ਵੱਡੀ ਲੜੀ ਹੋਵੇ,
ਸਦਾ ਐਸ਼ਾਂ ਵਿੱਚ ਲਗਦੀ ਵੀ,ਰੋਜ਼ ਝੜੀ ਹੋਵੇ,
ਵੱਡਾ ਹੋਵੇ ਭਾਵੇਂ ਵੈਦ, ਭਾਵੇਂ ਹੋਵੇ ਵੈਦ ਛੋਟਾ,
ਜੇਬਾਂ ਭਰਕੇ ਲਿਜਾਂਦੇ,ਪੈਸਾ ਵੱਢਦੇ ਨੇ ਮੋਟਾ,
ਹੱਥੀਂ ਇਨਾਂ ਦੇ ਮਖੌਟੇ ਲਾਹ ਜਾ ਬਾਬਾ ਨਾਨਕਾ

ਸੈਮੀਨਾਰਾਂ ਵਿੱਚ ਆ ਕੇ ਭਾਸ਼ਾ ਮਿੱਠੀ ਬੋਲਦੇ,
ਸਕੈਨੋ ਸੈਂਟਰਾਂ ਲਈ ਸ਼ਿਕਾਰ ਦੂਰੋਂ ਦੂਰੋਂ ਟੋਲਦੇ,
ਲੰਬਾ ਕੱਦ, ਢਿੱਡ ਵੱਧ ਘੱਟ,ਵਾਲੇ ਵੀ ਨੁਸਖੇ,
ਬਣੇ ਖਾਨਦਾਨੀ ਵੈਦ ਕਿੰਨੇ,ਦੇਖੋ ਜਾਕੇ ਪੁੱਛਕੇ,
ਥੋੜ੍ਹਾ ਘੂਰਕੇ ਤੂੰ ਚੰਗੇ ਪਾਸੇ ਲੈਜਾ ਬਾਬਾ ਨਾਨਕਾ

ਉਹ ਰਸੌਲੀ ਦੇ ਬਹਾਨੇ ਕੱਢ ਲੈਂਦੇ ਨੇ ਗੁਰਦੇ,
ਹੋਰ ਅੰਗਾਂ ਦੇ ਦੇਹ ਵਪਾਰ ਵੀ ਨਾਲੋਂ ਨਾਲ ਤੁਰਦੇ,
ਮਰੇ ਹੋਏ ਦੇ ਵੀ ਨੱਕ ਚ ਨਾਲੀ ਚਾਹੜੀ ਰੱਖਦੇ,
ਕਹਿੰਦੇ ਜੀਂਦਾਂ ਹੈਗਾ ਅਜੇ,ਮੱਤ ਮਾਰੀ ਰੱਖਦੇ,
ਸਿਰ ਉਨ੍ਹਾਂ ਦੇ ਵੀ ਫੜਕੇ,ਹਿਲਾ ਜਾ ਬਾਬਾ ਨਾਨਕਾ ,

9888633481

◆◆◆

## ਮਸਤ ਰੱਬ

**ਪੋਰਿੰਦਰ ਸਿੰਗਲਾ ਫਪਾਲੀ**

ਕੰਧਾਂ ਤੇ ਟੰਗਿਆ ਮਿਲਦਾ ਹੈ,
ਕਦੇ ਥੜ੍ਹਿਆਂ ਤੇ ਰੱਖਿਆ ਮਿਲਦਾ ਹੈ
ਕੋਈ ਬਣਾ ਲਵੇ ਪਿੱਤਲ, ਸੋਨੇ ਦਾ,
ਕਦੇ ਪਾਲਕੀ ਵਿਚ ਸਜਿਆ ਮਿਲਦਾ ਹੈ
ਇਹ ਰੱਬ ਵੀ ਚੀਜ਼ ਹੈ ਮਸਤ ਬੜੀ,
ਵੱਖ ਵੱਖ ਰੰਗਾਂ ਦਾ ਮਿਲਦਾ ਹੈ

ਕਿਧਰੇ ਨਫ਼ਰਤ ਦਾ ਕਾਰਨ ਹੈ,
ਕਿਤੇ ਕਬਜ਼ਾ ਕਰਨ ਦਾ ਸਾਧਨ ਹੈ,
ਕਿਤੇ ਫੋਟੋਆਂ ਬਣ ਕੇ ਵਿਕਦਾ ਹੈ,
ਕੋਈ ਕੰਨ ਪਾੜਵਾਂ ਗਾਉਂਦਾ ਹੈ,
ਇਹ ਰੱਬ ਵੀ ਚੀਜ਼ ਹੈ ਮਸਤ ਬੜੀ,
ਵੱਖ ਵੱਖ ਭੇਸਾਂ ਵਿਚ ਮਿਲਦਾ ਹੈ

ਉਹ ਬੜਾ ਹੀ ਤਾਕਤ ਵਾਲਾ ਹੈ ,
ਬੰਦੂਕਾਂ ਦੇ ਸਾਏ ਵਿਚ ਚਲਦਾ ਹੈ,



ਉਸਦੇ ਬੰਦੇ ਬੜੇ ਹੀ ਚਾਲੂ ਨੇ,
ਉਸਦੇ ਹੁਕਮ ਬਿਨ ਪੱਤਾ ਨਾ ਹਿਲਦਾ ਹੈ,
ਬੇਅਦਬੀ ਚੋਰੀਆਂ ਸ਼ੁਗਲ ਬਣੇ,
ਸਭ ਚੋਰਾਂ ਤੇ ਸਾਧਾਂ ਦਾ ਰਿਸ਼ਤਾ ਹੈ,
ਇਹ ਰੱਬ ਵੀ ਚੀਜ਼ ਹੈ ਮਸਤ ਬੜੀ,
ਵੱਖ ਵੱਖ ਦਾਮਾਂ ਵਿਚ ਵਿਕਦਾ ਹੈ

ਕਿਤੇ ਬੱਚੇ ਭੁੱਖੇ ਮਰਦੇ ਨੇ,
ਕਿਤੇ ਛੱਪਨ ਭੋਗ ਪ੍ਰਗਸਦੇ ਨੇ,
ਨੰਗੇ ਨੂੰ ਕੱਪੜਾ ਜੁੜਦਾ ਨਹੀਂ,
ਕਿਤੇ ਮਹਿੰਗੇ ਰੁਮਾਲੇ ਚੜ੍ਹਦੇ ਨੇ,
ਕੋਈ ਦੀਵਾ ਤੇਲ ਨੂੰ ਤਰਸਦਾ ਹੈ,
ਕਿਤੇ ਦੇਸੀ ਜੋਤਾਂ ਵਿਚ ਬਲਦਾ ਹੈ ,
ਇਹ ਰੱਬ ਵੀ ਚੀਜ ਹੈ ਮਸਤ ਬੜੀ,
ਸੌਦੇਬਾਜੀ ਨਾਲ ਚਲਦਾ ਹੈ

**# 102. ਗਰੀਨ ਐਵਨਿਊ,**
**ਬੀਬੀਵਾਲਾ ਰੋਡ ਬਠਿੰਡਾ**

◆◆◆

# .ਗ਼ਜ਼ਲ ਸੱਥ

## ਪ੍ਰੋ. ਜਸਵੰਤ ਕੈਲਵੀ

ਬਹਿਰ ਹਜ਼ਜ ਮੁਸੱਮਨ ਸਾਲਿਮ



ਤਿਰੀ ਕਥਨੀ, ਤਿਰੀ ਕਰਨੀ  ਗੁਰੂ ਨਾਨਕ  ! ਭੁਲਾ ਬੈਠੇ।
ਤੂੰ ਦਿੱਤਾ ਸਹਿਜ ਦਾ ਘਰ ਸੀ ਤ੍ਰਿਸ਼ਨਾ ਵਿਚ ਜਲਾ ਬੈਠੇ!

ਨਾ ਹੱਥੀਂ ਕਿਰਤ ਕਰਦੇ ਹਾਂ, ਤੇ ਨਾ ਹੀ ਨਾਮ ਜਪਦੇ ਹਾਂ
ਨਾ ਕਰਦੇ ਸੱਚ ਦਾ ਸੌਦਾ, ਜ਼ਮੀਰਾਂ ਨੂੰ ਸੁਲਾ ਬੈਠੇ!

ਰਹੇ ਹੁਣ ਦਿਨ ਸਾਨੂੰ ਖੁਮਾਰੀ ਧਨ ਤੇ ਦੌਲਤ ਦੀ!
ਅਸੀਂ ਹੁਣ ਡੋਲ੍ਹ ਕੇ ਅੰਮ੍ਰਿਤ ਹਾਂ ਠੂਠੇ ਜ਼ਹਿਰ ਪਾ ਬੈਠੇ!

ਨਾ ਮਿੱਠੇ ਬੋਲ ਹੁਣ ਸਾਡੇ ਗਰੀਬੀ ਸਾਦਗੀ ਤਜ ਕੇ
ਅਸੀਂ ਅੱਜ ਵੇਚ ਕੇ ਗ਼ੈਰਤ ਗੁਲਾਮੀ ਗਲ ਪੁਆ ਬੈਠੇ!

ਗਲੇ ਹਾਂ ਗਰਬੁ ਦੇ ਅੰਦਰ ਮਨਾਂ ਵਿਚ ਨੇਰ੍ਹ ਹੈ ਸੰਘਣਾ
ਗੁਣਾਂ ਤੋਂ ਹੀਣ ਹਾਂ ਲੋਭੀ ਮਹਾਂ ਚਾਨਣ ਗੁਆ ਬੈਠੇ!

ਫਸੇ ਹਾਂ ਮੇਰ ਦੇ ਅੰਦਰ ਹਉਂਦੇ ਘੇਰ ਦੇ ਅੰਦਰ,
ਮੁਹੱਬਤ ਸਾਂਝ ਦੇ ਗਲ ਤੇ ਛੁਰੀ ਜ਼ਹਿਰੀ ਚਲਾ ਬੈਠੇ!

ਆ ਬੈਠੇ ਕੈਲਵੀ ਕਿੱਥੇ? ਅਸੀਂ ਵਿੱਚ ਮੌਤ ਦੀ ਗੋਟੀ
ਇਹ ਹੀਰੇ ਜਨਮ ਦੇ ਬਦਲੇ ਅਸੀਂ ਕੌਡਾ ਤੁਲਾ ਬੈਠੇ।

98783-81474

◆◆◆



## -ਭਜਨ ਸਿੰਘ ਵਿਰਕ

ਆਪਾਂ ਕੇਵਲ ਸਾਂਭੇ ਨੇ ਗੁਰਚਰਨਾਂ ਦੇ ਸਿਰਨਾਵੇਂ।
ਪਰ ਆਪਾਂ ਨਾ ਮੰਨੀ ਵਸਾਏ ਸ਼ਬਦਾਂ ਦੇ ਸਿਰਨਾਵੇਂ।

ਮਾਵਾਂ ਵਰਗੇ ਰੁੱਖਾਂ ਉਤੇ ਰੋਜ਼ ਕੁਹਾੜਾ ਚੱਲੇ;
ਥੱਕੇ ਕਾਮੇ ਕਿੱਥੋਂ ਲੱਭਣ ਛਾਵਾਂ ਦੇ ਸਿਰਨਾਵੇਂ।

ਪਿਆਰ ਵਧਾਇਆ ਵਧਦਾ ਜਾਂਦਾ, ਨਹੀਂ ਤਾਂ ਘਟਦਾ ਜਾਵੇ;
ਹੌਲੀ ਹੌਲੀ ਸਿਰਜੇ ਜਾਂਦੇ, ਵਿੱਥਾਂ ਦੇ ਸਿਰਨਾਵੇਂ।

ਗਗਨਾਂ ਦੇ ਵਿੱਚ ਸੂਦ ਹੁੰਦੇ ਨੇ, ਵਿਰਸਾ ਬਦਲ ਗਿਆ ਹੈ;
ਸਾਨੂੰ ਭੁੱਲੇ ਵਿਸਰੇ, ਡੋਲੇਂ, ਰੱਥਾਂ ਦੇ ਸਿਰਨਾਵੇਂ।

ਜੋਕਾਂ ਦਾ ਹੈ ਵਾਰਾ-ਪਹਿਰਾ ਚਾਰੇ ਚੁਫੇਰੇ ਈਕਣ;
ਲੋਕਾਂ ਨੂੰ ਉਹ ਸਮਝਣ ਜਿੰਦਾਂ ਕੀਟਾਂ ਦੇ ਸਿਰਨਾਵੇਂ।

ਅੱਡੀਆਂ ਚੁੱਕ ਕੇ ਫਾਹਾ ਲੈਂਦੇ ਝੁੱਗਾ ਚੌੜ ਕਰਾਉਂਦੇ;
ਕੋਈ ਅਜਾ ਨਾ ਲੱਗਣ ਦਿੰਦੇ ਨੱਕਾਂ ਦੇ ਸਿਰਨਾਵੇਂ।

ਆ ਜਾ ਮਿੱਤਰਾ ਸੀਨੇ ਲੱਗੀਏ ਠੰਡ ਜ਼ਰਾ ਪੈ ਜਾਵੇ ;
ਨਹੀਂ ਤਾਂ ਸਾਨੂੰ ਘੂਰਨਗੇ ਫਿਰ ਹਾਵਾਂ ਦੇ ਸਿਰਨਾਵੇਂ।

'ਕੱਲਾ ਜ਼ੋਰ ਕਦੇ ਨਾ ਪੁੱਗੇ, ਦੇਖ ਲਈਂ ਤੂੰ ਆਖ਼ਰ,
ਦਾਵਾਂ ਦੇ ਹੀ ਪੱਲੇ ਪੈਂਦੇ ਜਿੱਤਾਂ ਦੇ ਸਿਰਨਾਵੇਂ।

ਨੱਥੂ, ਖੈਰੇ ਵਰਗੇ ਲੋਕਾਂ ਦੀ ਨਾ ਏਥੇ ਪੁੱਗੇ ;
ਲੋਕ-ਰਾਜ ਵੀ ਹੁੰਦੇ ਕੇਵਲ ਰਾਠਾਂ ਦੇ ਸਿਰਨਾਵੇਂ।

99159-09441

◆◆◆

## ਮਹਿੰਦਰ ਸਿੰਘ ਮਾਨ

ਜਿਨ੍ਹਾਂ ਨੇ ਮੰਦਰਾਂ ਵਿੱਚ ਚੋਰੀ ਦਾ ਦਾਨ ਕੀਤਾ ਹੈ,
ਉਨ੍ਹਾਂ ਨੇ ਕਿਹੜਾ ਰੱਬ ਉੱਤੇ ਕੋਈ ਅਹਿਸਾਨ ਕੀਤਾ ਹੈ।
ਉਨ੍ਹਾਂ ਨੂੰ ਯਾਦ ਕਰਨ ਵੇਲੇ ਮੱਥੇ ਵੱਟ ਅਸੀ ਪਾਈਏ,
ਜਿਨ੍ਹਾਂ ਨੇ ਸਾਡੀ ਖਾਤਰ ਸਾਰਾ ਕੁਝ ਕੁਰਬਾਨ ਕੀਤਾ ਹੈ।
ਨਸ਼ਾ ਕੀਤੇ ਬਿਨਾਂ ਉਹ ਆਪ ਯਾਰੋ ਰਹਿ ਨਹੀਂ ਸਕਦੇ,
ਜਿਨ੍ਹਾਂ ਨੇ ਨਸ਼ਿਆਂ ਨੂੰ ਠੱਲ੍ਹ ਪਾਉਣ ਦਾ ਐਲਾਨ ਕੀਤਾ ਹੈ।
ਜੋ ਚੋਣਾਂ ਹੋਈਆਂ ਨੇ ਕੁਝ ਅਰਸਾਂ ਪਹਿਲਾਂ ਦੇਸ਼ ਵਿੱਚ ਯਾਰੋ,
ਉਨ੍ਹਾਂ ਨੇ ਦੇਸ਼ ਦਾ ਹਰ ਪਾਸੇ ਤੋਂ ਨੁਕਸਾਨ ਕੀਤਾ ਹੈ।
ਡਰੀ ਜਾਂਦੇ ਮਾਤਾ-ਪਿਤਾ ਧੀਆਂ ਜੰਮਣ ਤੋਂ ਐਵੇਂ ਹੀ,
ਹਰਿਕ ਨੂੰ ਤਾਂ ਇਨ੍ਹਾਂ ਦੇ ਕੰਮਾਂ ਨੇ ਹੈਰਾਨ ਕੀਤਾ ਹੈ।
ਉਨ੍ਹਾਂ ਨੂੰ ਸਮਝ ਕੇ ਆਪਣੇ ਉਨ੍ਹਾਂ ਦਾ ਮਾਣ ਕਰਦੇ ਹਾਂ,
ਜਿਨ੍ਹਾਂ ਦੁੱਖ ਵੇਲੇ ਸਾਨੂੰ ਹੌਂਸਲਾ ਪ੍ਰਦਾਨ ਕੀਤਾ ਹੈ।
ਬੜਾ ਕੁਝ ਦੋਸਤਾਂ ਤੇ ਦੁਸ਼ਮਣਾਂ ਨੇ ਦਿੱਤਾ ਹੈ ਸਾਨੂੰ,
ਪਰੰਤੂ ਜਚਿਆ ਜੋ ਉਹ ਹੀ ਅਸੀਂ ਪ੍ਰਵਾਨ ਕੀਤਾ ਹੈ।

**99158-03554**

◆◆◆

## ਜਸਵਿੰਦਰ ਸਿੰਘ 'ਰੁਪਾਲ'



ਸਦਾ ਜੀਣਾ ਸਿਖਾਂਦੀ ਏ, ਗੁਰੂ ਨਾਨਕ ਤੇਰੀ ਬਾਣੀ
ਮਿਟਾਂਦੀ ਏ ਬਣਾਂਦੀ ਏ,ਗੁਰੂ ਨਾਨਕ ਤੇਰੀ ਬਾਣੀ
ਭੁਲਾ ਕੇ ਵਿਤਕਰੇ ਨਸਲਾਂ ,ਇਲਾਕੇ,ਰੰਗ ਜਾਤਾਂ ਦੇ,
ਗਲ਼ੇ ਸਭ ਤਾਈਂ ਲਾਂਦੀ ਏ,ਗੁਰੂ ਨਾਨਕ ਤੇਰੀ ਬਾਣੀ
ਕਦੇ ਬਲਿਹਾਰ ਕੁਦਰਤ ਤੋਂ,ਕਦੇ ਕਾਦਰ ਤੋਂ ਜਾ ਵਾਰੀ,
ਅਗੰਮੀ-ਧੁਨ ਸੁਣਾਂਦੀ ਏ,ਗੁਰੂ ਨਾਨਕ ਤੇਰੀ ਬਾਣੀ
ਜ਼ੁਲਮ ਹੁੰਦਾ ਨਜ਼ਰ ਆਵੇ,ਤਦੇ ਜ਼ਾਲਮ ਦੇ ਹੋ ਸਾਹਵੇਂ,
ਦਿਨੇ ਤਾਰੇ ਦਿਖਾਂਦੀ ਏ,ਗੁਰੂ ਨਾਨਕ ਤੇਰੀ ਬਾਣੀ



ਲੁਟਾ ਕੇ ਹੱਕ ਜੋ ਬੈਠੇ, ਬਣੇ ਹਨ ਲਾਸ਼ ਜੋ ਜਿੰਦਾ,
ਉਨ੍ਹਾਂ ਵਿਚ ਜਿੰਦ ਪਾਂਦੀ ਏ,ਗੁਰੂ ਨਾਨਕ ਤੇਰੀ ਬਾਣੀ
ਸ਼ਬਦ ਸੰਗੀਤ ਵਿੱਚ ਘੁਲ਼ ਕੇ, ਚੁਪਾਸੀਂ ਨੂਰ ਫੈਲਾਵੇ,
ਦਿਲੇ-ਤਰਬਾਂ ਜਗਾਂਦੀ ਏ,ਗੁਰੂ ਨਾਨਕ ਤੇਰੀ ਬਾਣੀ
ਵਪਾਰੀਂ ਬਣ ਜੁੜੇ ਬਿਰਤੀ,ਕਿਤੇ ਮਾਲਕ ਦੀ ਯਾਦ ਅੰਦਰ,
ਕਹਿ ਤੇਰਾ ਸਭ ਲੁਟਾਂਦੀ ਏ,ਗੁਰੂ ਨਾਨਕ ਤੇਰੀ ਬਾਣੀ
ਹਲੂਣੇ ਭਾਗ "ਭਾਗੋ" ਦੇ, ਤੇ "ਲਾਲੋ "ਲਾਲ ਹੋ ਜਾਵੇ,
ਕਿਰਤ ਤਾਈਂ ਸਲਾਂਹਦੀ ਏ,ਗੁਰੂ ਨਾਨਕ ਤੇਰੀ ਬਾਣੀ
ਕਰੇ ਜੋ ਸਿੱਧ ਵੀ ਸਿੱਧੇ, ਚਲਾ ਕੇ ਸ਼ਬਦ ਦਾ ਜਾਦੂ,
ਭਰਮ ਪਰਦੇ ਹਟਾਂਦੀ ਏ,ਗੁਰੂ ਨਾਨਕ ਤੇਰੀ ਬਾਣੀ
ਵਲੀ ਦੇ ਵਲ ਕਰੇ ਸਿੱਧੇ, ਜੁ ਬੈਠਾ ਹਉਂ ਦੇ ਪਰਬਤ ਤੇ,
ਸਿਖਰ ਤੋਂ ਧੂਹ ਲਿਆਂਦੀ ਏ,ਗੁਰੂ ਨਾਨਕ ਤੇਰੀ ਬਾਣੀ
ਗਵਾ ਕੇ ਰਾਖਸ਼ੀ ਬਿਰਤੀ, ਘਟਾ ਕੇ ਅਗਨ ਅੰਦਰ ਦੀ,
ਕਿ ਨੈਂ ਠੰਢੀ ਚਲਾਂਦੀ ਏ,ਗੁਰੂ ਨਾਨਕ ਤੇਰੀ ਬਾਣੀ
ਇਹਦੇ ਜੋ ਤੀਰ ਅਣੀਆਲੇ, ਭੁਲਾਂਦੇ 'ਠੱਗ' ਦੀ ਠੱਗੀ,
ਬਣਾ 'ਸੱਜਣ' ਦਿਖਾਂਦੀ ਏ,ਗੁਰੂ ਨਾਨਕ ਤੇਰੀ ਬਾਣੀ
ਇਹ ਆਵੇ ਖਸਮ ਦੇ ਦਰ ਤੋਂ, ਜਾ ਧੁਨ ਸੰਗੀਤ ਦੀ ਛਿੜਦੀ.
ਪਈ "ਵਾਹ ਵਾਹ" ਹੀ ਗਾਂਦੀ ਏ,ਗੁਰੂ ਨਾਨਕ ਤੇਰੀ ਬਾਣੀ
ਨਵੇਂ ਰਾਹਾਂ ਨੂੰ ਰੁਸ਼ਨਾਵੇ, ਉਠਾਵੇ ਡਿੱਗਿਆਂ ਤਾਈਂ,
ਇਹ ਸੁੱਤਿਆਂ ਨੂੰ ਜਗਾਂਦੀ ਏ,ਗੁਰੂ ਨਾਨਕ ਤੇਰੀ ਬਾਣੀ
ਨਾ ਖੁਦ ਡਰਨਾ ਕਿਸੇ ਕੋਲੋਂ, ਡਰਾਣਾ ਨਾ ਕਿਸੇ ਤਾਈਂ,
ਸੁਰਤਿ ਉੱਚਾ ਉਠਾਂਦੀ ਏ,ਗੁਰੂ ਨਾਨਕ ਤੇਰੀ ਬਾਣੀ
ਕਰੇ ਤਕੜਾ ਪਈ ਮਨ ਨੂੰ, ਨਵਾਂ ਇਕ ਜੋਸ਼ ਵੀ ਦੇਵੇ,
ਕਸ਼ਟ ਸਭ ਹੀ ਮਿਟਾਂਦੀ ਏ,ਗੁਰੂ ਨਾਨਕ ਤੇਰੀ ਬਾਣੀ
ਜੋ ਰੂਹ ਇਹਦੇ ਚ' ਭਿੱਜ ਜਾਵੇ, ਸਦਾ ਵਿਸਮਾਦ ਵਿਚ ਆਵੇ
ਖੁਦਾ, ਖੁਦ ਤੋਂ ਬਣਾਂਦੀ ਏ, ਗੁਰੂ ਨਾਨਕ ਤੇਰੀ ਬਾਣੀ
ਕਰੀਂ ਬਖ਼ਸ਼ਿਸ਼ ਮੇਰੇ ਸਾਈਂ, ਮੇਰੇ ਰੋਮਾਂ ਚ ਵਸ ਜਾਵੇ,
"ਰੁਪਾਲ" ਇਹ ਖਿੱਚ ਪਾਂਦੀ ਏ, ਗੁਰੂ ਨਾਨਕ ਤੇਰੀ ਬਾਣੀ

◆◆◆

# ਗੀਤ ਪਟਾਰੀ

## ਸੁਪਨੇ ਬਾਬੇ ਨਾਨਕ ਦੇ

**ਬਬਲਾ ਬੇਗੋਵਾਲ**



ਮਤਭੇਦ ਸਭ ਦਿਲੋਂ ਭੁਲਾ ਕੇ
ਸਭ ਨੂੰ  ਕਰੀਏ ਪਿਆਰ,
ਸੁਪਨੇ ਬਾਬੇ ਨਾਨਕ ਦੇ
ਆਉ ਕਰੀਏ ਸਾਕਾਰ

ਸੱਚ ਨੂੰ ਤੇਰਾ ਤੇਰਾ ਤੋਲਿਆ
ਮੂੰਹੋ ਸਭ ਨੂੰ ਮਿੱਠਾ ਬੋਲਿਆ
ਭੰਡਾਰਾ ਭੁੱਖਿਆਂ ਲਈ ਖੋਲ੍ਹਿਆ
ਆਉ ਕਰੀਏ ਬਹਿ ਵਿਚਾਰ,
ਸੁਪਨੇ ਬਾਬੇ ਨਾਨਕ ਦੇ, ਆਉ ਕਰੀਏ ਸਾਕਾਰ
ਸਭ ਨੂੰ ਭਾਈਚਾਰਾ ਸਿਖਾਇਆ
ਪਾਂਧੇ ਨੂੰ ਵੀ ਪੜਨੇ ਪਾਇਆ
ਹਰ ਦੁੱਖੀ ਨੂੰ ਗਲ ਲਾਇਆ,
ਕਰ ਉਦਾਸੀਆਂ ਚਾਰ
ਸੁਪਨੇ ਬਾਬੇ ਨਾਨਕ ਦੇ, ਆਉ ਕਰੀਏ ਸਾਕਾਰ

ਬਾਬੇ ਜਿਹੜੀ ਚੱਕੀ ਚਲਾਈ
ਕਰਨਾ ਦੱਸਿਆ ਹੱਥੀਂ ਕਮਾਈ
ਤੱਕੋ ਨਾ ਕਦੀ ਚੀਜ ਪਰਾਈ ,
ਇਹੀ ਚੰਗੇ ਵਿਚਾਰ
ਸੁਪਨੇ ਬਾਬੇ ਨਾਨਕ ਦੇ, ਆਉ ਕਰੀਏ ਸਾਕਾਰ

ਉਹਦਾ ਭਾਣਾ ਮਿੱਠਾ ਮੰਨ ਕੇ
ਰੱਖੀਏ ਸਭ ਕੁਝ ਪੱਲੇ ਬੰਨ੍ਹ ਕੇ
ਰਹੀਏ ਉਹਦੇ ਦਰ ਦੇ ਬਣ ਕੇ,
ਇਹੀ ਸ਼ਰਧਾ ਸਤਿਕਾਰ
ਸੁਪਨੇ  ਨਾਨਕ ਦੇ , ਆਉ ਕਰੀਏ ਸਾਕਾਰ

◆◆◆



## ਜਦੋਂ ਨਾਨਕ ਜਹਾਨ ਉਤੇ ਆਇਆ

**ਪ੍ਰੋ. ਜਸਵੰਤ ਕੈਲਵੀ**

ਜਦੋਂ ਨਾਨਕ ਜਹਾਨ ਉਤੇ ਆਇਆ, ਹਰ ਪਾਸੇ ਨੂਰ ਹੋ ਗਿਆ।
ਸਤਿਨਾਮ ਉਸ ਸਭ ਨੂੰ ਜਪਾਇਆ, ਦੁੱਖ ਪਾਪ ਦੂਰ ਹੋ ਗਿਆ।

ਧੰਨ ਨਾਨਕ ਤੇਰੀ ਹੈ ਕਮਾਈ–ਨੀਚਾਂ ਨੂੰ ਤੂੰ ਗਲੇ ਲਾ ਲਿਆ।
ਮਰਦਾਨੇ ਨੂੰ ਬਣਾ ਲਿਆ ਤੂੰ ਭਾਈ ਓਸ ਤੇਰਾ ਸੰਗ ਪਾ ਲਿਆ।
ਦੋਹਾਂ ਮਿਲ ਕੇ 'ਸ਼ਬਦ' ਜਦ ਗਾਇਆ, ਜੱਗ ਭਰਪੂਰ ਹੋ ਗਿਆ!
ਜਦੋਂ ਨਾਨਕ............

ਬਾਲਪਨ ਵਿੱਚ ਕੌਤਕ ਵਖਾਏ, ਪਾਂਧੇ ਨੂੰ ਗਿਆਨ ਵੰਡਿਆ।
ਕੱਚੇ, ਗਲ ਨਾ ਜਨੇਊ ਤੂੰ ਪਾਏ, ਹਰ ਵਹਿਮ ਤਾਈਂ ਛੰਡਿਆ।
ਭੁੱਖੇ ਸਾਧੂਆਂ ਨੂੰ ਭੋਜਨ ਛਕਾਇਆ, ਸੌਦਾ ਉਹ, ਮਸ਼ਹੂਰ ਹੋ ਗਿਆ।
ਜਦੋਂ ਨਾਨਕ..........

ਬਣ ਯਾਤਰੀ ਤੂੰ ਕੀਤੀਆਂ ਉਦਾਸੀਆਂ, ਭੁੱਲਿਆਂ ਨੂੰ ਰਾਹ ਦੱਸਿਆ
ਤੈਨੂੰ ਸੁਣਿਆ–ਮੱਕੇ ਦੇ ਕਾਜ਼ੀਆ–ਰਹਿਮਤਾਂ ਦਾ ਮੀਂਹ ਵੱਸਿਆ।
ਭੁੱਲੇ ਕਾਜ਼ੀਆਂ ਨੂੰ ਐਸਾ ਸਮਝਾਇਆ – ਅੱਲ੍ਹਾ ਦਾ ਜ਼ਹੂਰ ਹੋ ਗਿਆ।
ਜਦੋਂ ਨਾਨਕ......

ਤੂੰ ਬਾਬਰ ਨੂੰ  ਜਾਬਰ ਸੀ ਆਖਿਆ ਜ਼ੁਲਮੋਂ ਤੂੰ ਉਹਨੂੰ ਮੋੜਿਆ
ਤੂੰ ਭਾਗੋਆਂ ਨੂੰ ਦੂਰ ਦੂਰ ਰੱਖਿਆ–ਲਾਲੋਆਂ ਨੂੰ ਸੰਗ ਜੋੜਿਆ।
ਸ਼ੁਭ ਗੁਣਾਂ ਦਾ ਸੰਦੇਸ਼ ਸੁਣਾਇਆ ਜਿਹੜਾ ਮਨਜ਼ੂਰ ਹੋ ਗਿਆ।
ਜਦੋਂ ਨਾਨਕ.........

ਦੁਨੀਆਂ ਵਾਲਿਓ! ਦਿਲਾਂ ਦੀ ਮੈਲ ਧੋਈਏ, ਨਾਨਕ ਦੀ ਬਾਣੀ ਪੜ੍ਹੀਏ।
ਉਚ ਨੀਚ ਤੇ ਵੈਰ ਮਿਟਾਈਏ, ਏਕਤਾ ਦਾ ਲੜ ਫੜੀਏ!
ਜੀਹਨੇ ਕੈਲਵੀ ਜੀ ! ਨਾਨਕ ਨੂੰ ਗਾਇਆ, ਓਹੋ ਮਖ਼ਮੂਰ ਹੋ ਗਿਆ।
ਜਦੋਂ ਨਾਨਕ.........

98783-81474

◆◆◆

## ਕੋਈ ਕਿਸੇ ਦੀ ਬਾਂਹ ਨਾ ਫੜਦਾ

ਬਦਲ ਗਈ ਦੁਨੀਆਂ ਬਦਲ ਗਏ ਤੌਰ ਤਰੀਕੇ।
ਕੋਈ ਕਿਸੇ ਦੀ ਬਾਂਹ ਨਾ ਫੜਦਾ ਥੋੜੇ ਕੀਤੇ।
ਇਨਸਾਨ ਦੀ ਬਿਰਤੀ ਹੋਈ ਵਾਂਗ ਦਰਿੰਦਿਆਂ।
ਇਨਸਾਨੀਅਤ ਦੀ ਗੱਲ ਕਰ ਹੋਈਏ ਸ਼ਰਮਿੰਦਿਆਂ।
ਜ਼ੁਬਾਨ ਮਾਖਿਓਂ ਮਿੱਠੀ ਦਿਲ ਕੌੜੇ ਰੀਠੇ।
ਕੋਈ....

ਸੁਣੇ ਨਾ ਸੋਚੇ ਹੁੰਦੇ ਉਹ ਅੱਜ ਕੱਲ ਵਾਕੇ।
ਆਪਣੇ ਹੀ ਮਾਰਦੇ ਆਪਣਿਆਂ ਦੇ ਡਾਕੇ।
ਬੇਗਾਨਿਆਂ ਤੋਂ ਵੱਧ ਇਹ ਲਾਉਂਦੇ ਪਲੀਤੇ।
ਕੋਈ....

ਢਿੱਡੀ ਦੇ ਕੇ ਗੰਢਾਂ ਮਾਪੇ ਬੱਚਿਆਂ ਨੂੰ ਪਾਲਦੇ।
ਮੁੜ ਇਹਨਾਂ ਦੇ ਸਤਾਏ ਰੋ ਰੋ ਦੀਦੇ ਨੇ ਗਾਲਦੇ।
ਲੋਚਦੇ ਮਾਲਕੀਆਂ ਜੇ ਮਾਂ ਬਾਪ ਅੱਖੀਆਂ ਮੀਟੇ।
ਕੋਈ.....

ਅੱਜਕੱਲ੍ਹ ਦਾ ਪਿਆਰ ਵੀ ਵਪਾਰ ਹੋ ਗਿਆ।
ਪੈਰ ਪੈਰ ਤੇ ਧੋਖਾ ਸਭ ਦਾ ਕਿਰਦਾਰ ਹੋ ਗਿਆ।
ਖ਼ੂਨ ਹੋ ਗਏ ਪਾਣੀ, ਮੁੱਕੇ ਰੂਹਾਂ ਦੇ ਰਿਸ਼ਤੇ।
ਕੋਈ....


ਗੁੰਡੇ ਬਦਮਾਸ਼ਾਂ ਦੀ ਸਿਆਸਤ ਮੁਰੀਦ ਹੋ ਗਈ।
ਬੇਈਮਾਨੀ ਧੱਕੇਸ਼ਾਹੀ ਭਲਿਆਂ ਦਾ ਨਸੀਬ ਹੋ ਗਈ।
'ਨੂਰ' ਲੋਕਤੰਤਰ ਤਾਂ ਪੈ ਗਿਆ ਸਿਆਸਤ ਦਾਨਾਂ ਦੇ ਖੀਸੇ।
ਕੋਈ.....

**ਸੁਖਬੀਰ ਸਿੰਘ ਨੂਰ**
82830-80964

◆◆◆



## ਬਾਬਾ ਤੇਰੇ ਬੋਲਾਂ ਨੇ



ਤੇਰੇ ਬੋਲਾਂ ਨੇ ਹੀ ਬਾਬਾ ਰਾਹ ਸਾਡੇ ਰੁਸ਼ਨਾਏ।
ਕੀ ਦੱਸਾਂ ਤੇਰੇ ਬੋਲਾਂ ਨੂੰ ਹੀ ਟੋਲੇ ਵੰਡਣ ਆਏ।

ਤੇਰੇ ਬੋਲਾਂ ਨੇ ਤਾਂ ਬਾਬਾ ਥਾਂ ਥਾਂ ਨ੍ਹੇਰ ਮਿਟਾਇਆ।
ਤੇਰੇ ਬੋਲਾਂ ਸਦਕੇ ਸਾਡਾ ਸੂਰਜ ਅੰਬਰੀ ਛਾਇਆ।
ਨਹੀ ਬੁਝੇ ਓਹੀ ਨਾ ਹੀ ਬੁਝਣੇ ਤੈਂ ਜੋ ਦੀਪ ਜਗਾਏ।
ਤੇਰੇ ਬੋਲਾਂ ਨੇ ਹੀ......।

ਬਾਬਾ ਤੇਰੇ ਨਾਂ ਠੱਗੀਆਂ ਇਹ ਟੋਲੇ ਮਾਰਦੇ ਫਿਰਦੇ।
ਸੱਜਣ ਠੱਗ ਬਥੇਰੇ ਪਰ ਓਹ ਸੱਜਣ ਭੁੱਲੇ ਚਿਰਦੇ।
ਆਪਾ ਧਾਪੀ ਮੱਚੀ ਹੈ ਸਾਰੇ ਕੌਣ ਕਿਹਨੂੰ ਸਮਝਾਏ।
ਤੇਰੇ ਬੋਲਾਂ ਨੇ ਹੀ........।

ਤੇਰੇ ਦਰ ਤੇ ਭੀੜ ਬੜੀ ਹੁਣ ਮਲਕ ਭਾਗੋਆ ਲਾਈ।
ਦੂਰ ਖੜਾ ਔਹ ਲਾਲੋ ਸੋਚੇ ਕੌਣ ਕਰੂ ਸੁਣਵਾਈ।
ਨਿੱਤ ਉਡੀਕੇ ਲਾਲੋ ਹੁਣ ਆ ਕੌਣ ਕੁੰਡਾ ਖੜਕਾਏ।
ਤੇਰੇ ਬੋਲਾਂ ਨੇ ਹੀ.......।

'ਗੁਰਮਾ' ਉਸਰੇ ਮਹਿਲਾਂ ਵਰਗੇ ਡੇਰੇ ਵੀ ਗੱਲ ਕਰਦੇ।
ਲੁੱਟਦੇ ਲੋਕਾਂ ਤਾਈਂ ਨਾਲੇ ਕਹਿਣ ਤੇਰਾ ਦਮ ਭਰਦੇ।
ਫਿਰ ਵੀ ਤੇਰੇ ਬੋਲਾਂ ਕੋਲੋਂ ਫਿਰਦੇ ਨੇ ਘਬਰਾਏ।

ਤੇਰੇ ਬੋਲਾਂ ਨੇ ਹੀ ਬਾਬਾ ਰਾਹ ਸਾਡੇ ਰੁਸ਼ਨਾਏ।
ਕੀ ਦੱਸਾਂ ਤੇਰੇ ਬੋਲਾਂ ਨੂੰ ਹੀ ਟੋਲੇ ਵੰਡਣ ਆਏ।

**ਜਗਜੀਤ ਸਿੰਘ 'ਗੁਰਮ'**
ਮਕਾਨ ਨੰ. 1008/29/2, ਗਲੀ ਨੰ. 8
ਬਾਲ ਸਿੰਘ ਨਗਰ, ਬਸਤੀ ਜੋਧੇਵਾਲ, ਲੁਧਿਆਣਾ।
ਮੋ. 99147-01668

◆◆◆

## ਵੀਰਾ ਰੋਟੀ ਖਾ ਲੈ ਆਣਕੇ

**ਮਲਕੀਤ ਦਰਦੀ**

ਭੈਣ ਨਾਨਕੀ ਵਾਸਤੇ ਪਾਵੇ ਵੇ ਵੀਰਾ ਰੋਟੀ ਖਾ ਲੈ ਆਣਕੇ।
ਤੇਰਾ ਦੁੱਖ ਝੱਲਿਆ ਨਾ ਜਾਵੇ ਵੀਰਾ ਰੋਟੀ ਖਾ ਲੈ ਆਣਕੇ।

ਜਗਤ ਭਲਾਈ ਲਈ ਤੂੰ ਕਰਦਾ ਉਦਾਸੀਆਂ।
ਸਾਡੇ ਮੂੰਹਾਂ ਉਤੋਂ ਉਡ ਜਾਂਦੀਆਂ ਨੇ ਹਾਸੀਆਂ।
ਜਦੋਂ ਕਥਾ ਕੋਈ ਦੁੱਖ ਦੀ ਸੁਣਾਵੇ,
ਵੀਰਾ ਰੋਟੀ ਖਾ ਲੈ ਆਣਕੇ....

ਤੇਰੇ ਉਤੇ ਵਲੀ ਨੇ ਪਹਾੜ ਜਦੋਂ ਰੋੜਿਆ।
ਚੰਗਾ ਕੀਤਾ ਵੀਰੇ ਤੂੰ ਸੀ ਪੰਜੇ ਨਾਲ ਮੋੜਿਆ।
ਹੋਣੀ ਮੁੜ ਨਾ ਤੇਰੇ ਸਿਰ ਆਵੇ,
ਵੀਰਾ ਰੋਟੀ ਖਾ ਲੈ ਆਣਕੇ.....।
ਦਿੰਦਾ ਫਿਰੇਂ ਹੋਕਾ ਹੱਕ ਸੱਚ ਦੀ ਕਮਾਈ ਦਾ।
'ਕੱਲੇ ਨੂੰ ਹੀ ਲੱਗਿਆ ਹੈ ਫ਼ਿਕਰ ਲੋਕਾਈ ਦਾ।
ਖ਼ੁਦ ਰੋਟੀ ਨਾ ਵੇਲੇ ਸਿਰ ਖਾਵੇ,
ਵੀਰਾ ਰੋਟੀ ਖਾ ਲੈ ਆਣਕੇ....।

ਸੋਂਹਦੀਆਂ ਨੇ ਭੈਣਾਂ ਵੀਰਾ ਵੀਰਿਆਂ ਦੇ ਨਾਲ ਵੇ।
ਤੇਰੇ ਹੀ ਵਿਛੋੜੇ 'ਚ ਹੋਇਆ ਬੁਰਾ ਹਾਲ ਵੇ,
ਗੀਤ 'ਦਰਦੀ' ਵੈਰਾਗ ਵਾਲੇ ਗਾਵੇ,
ਵੀਰਾ ਰੋਟੀ ਖਾ ਲੈ ਆਣਕੇ...।

**ਸ਼ਾਹਪੁਰ ਕੰਡੀ ਟਾਊਨਸ਼ਿਪ**
**ਪਠਾਨਕੋਟ** (73474-89902)

◆◆◆



ਇਕਾਂਗੀ/ਨਾਟਕ

## ਮੰਚ

**ਸਤਵਿੰਦਰ ਬੇਗੋਵਾਲੀਆ**



**ਪਾਤਰ -**
**ਮਹਾਤਮਾ**
**ਚੇਲਾ**
**ਅੱਜ ਦਾ ਮਹਾਤਮਾ**
**ਦੂਜਾ ਮਹਾਤਮਾ**
**ਕਲਾਕਾਰ**
**ਵਿਦਵਾਨ**
**ਲੇਖਕ**
**ਕੁੱਝ ਗਾਇਕ**
**ਇੱਕ ਤੇ ਦੋ (ਵੱਖ -2 ਭੂਮਿਕਾਵਾਂ ਵਿੱਚ )**

(ਸਟੇਜ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਹੈ ) ਵਿਚਕਾਰਲਾ ਭਾਗ ਮਹਾਤਮਾ ਲਈ ਹੈ ਜਦ ਕਿ ਨੰ . 2 ਅੱਜ ਦੇ ਮਹਾਤਮਾ ਲਈ ਜਦਕਿ ਵਿਚਕਾਰਲੇ ਭਾਗ ਦੇ ਸੱਜੇ ਪਾਸੇ ਭਾਗ ਨੰ. 3 ਗਾਇਕਾਂ ਲਈ ਹੈ । ਵਿਚਕਾਰਲੇ ਭਾਗ ਤੇ ਰੋਸ਼ਨੀ ਪੈਂਦੀ ਹੈ । ਸੰਗੀਤ ਦੀਆਂ ਉਦਾਸ ਧੁੰਨਾਂ ਸੁਣਾਈ ਦਿੰਦੀਆਂ ਹਨ ।

**ਗੀਤ ਦੀ ਆਵਾਜ਼** : ਉਦਾਸ ਮੇਰਾ ਗੀਤ ਹੈ,
ਉਦਾਸ ਹੀ ਸੰਗੀਤ ਹੈ,
ਉਦਾਸ ਮੇਰੀ ਸ਼ਾਮ ਹੈ ,
ਉਦਾਸ ਮੇਰਾ ਨਾਮ ਹੈ।
ਉਦਾਸ ਮੇਰਾ ਗੀਤ ਹੈ..

**ਮਹਾਤਮਾ** : (ਉਦਾਸ ਆਵਾਜ਼ ਸੁਣ ਕੇ ਹੈਰਾਨੀ ਵਿਚ) ਹੈਂ ? ਇਹ ਆਵਾਜ਼ ਕਿਧਰੋਂ ਆ ਰਹੀ ਏ ਤੇ ਇਹ ਆਵਾਜ਼ ਇੰਨੀ ਉਦਾਸ ਕਿਉਂ ਏ ?

**ਚੇਲਾ** : ਲਗਦੈ ਇਹ ਵਾਜ ਇੱਕ ਹਉਕਾ ਏ , ਇਕ ਪੁਕਾਰ ਜਿਹੀ ਏ ਇਸ ਵਿੱਚ , ਕਿਸੇ ਸਹਾਰੇ ਦੀ ਲੋੜ ਮਹਿਸੂਸ ਕਰਦੀ ਏ ਇਹ ਵਾਜ ।

**ਮਹਾਤਮਾ** : ਮੈਨੂੰ ਯਾਦ ਊ ਏ ਜਦ ਮੈਂ ਜਾਲਮ ਹਾਕਮ ਦੇ ਜਬਰ ਦਾ ਜਵਾਬ ਦੇਣ ਆਪਣਾ ਬਲੀਦਾਨ ਦੇਣ ਜਾ ਰਿਹਾ

ਸੀ, ਰਸਤੇ ਵਿਚ ਇਹੋ ਜਿਹੀਆਂ ਆਵਾਜ਼ਾਂ ਮੈਨੂੰ ਥਾਂ-ਥਾਂ ਤੇ ਸੁਣਨ ਨੂੰ ਮਿਲੀਆਂ ਸਨ । ਲੋਕ ਮੈਨੂੰ ਕਹਿੰਦੇ ਰਹੇ -'ਮਹਾਤਮਾ ਜੀ, ਸਾਨੂੰ ਛੱਡ ਕੇ ਨਾ ਜਾਓ । ਤੁਸੀਂ ਹਾਕਮ ਦੀ ਸ਼ਰਤ ਮੰਨ ਲਉ ।'

**ਚੇਲਾ** : ਮੈਨੂੰ ਸਭ ਯਾਦ ਏ ਲੋਕ ਤੁਹਾਨੂੰ ਰੋਕਦੇ ਰਹੇ , ਹੰਝੂ ਵਹਾਉਂਦੇ ਰਹੇ...

**ਮਹਾਤਮਾ** : ਇਹਨਾਂ ਲੋਕਾਂ ਦੀ ਹੋਂਦ ਬਚਾਉਣ ਲਈ ਕੁਰਬਾਨੀ ਕਰਨੀ ਹੀ ਪੈਣੀ ਸੀ, ਮੈਂ ਸਿਧਾਂਤਾਂ ਨਾਲ ਕਦੇ ਸਮਝੋਤਾ ਨਹੀਂ ਕੀਤਾ ।

**ਚੇਲਾ** : ਸਮੁੱਚੀ ਮਾਨਵਤਾ ਦਾ ਦਰਦ ਤੁਹਾਡੇ ਤੋਂ ਵੇਖਿਆ ਨਾ ਗਿਆ । ਤੁਸੀਂ ਸਾਰੇ ਜਹਾਨ ਦਾ ਦਰਦ ਸਮੇਟ ਕੇ ਹਾਕਮ ਨਾਲ ਜਾ ਮੱਥਾ ਲਾਇਆ। ਹਾਕਮ ਨੂੰ ਖਰੀਆਂ - ਖਰੀਆਂ ਸੁਣਾਈਆਂ । ਆਪ ਨੇ ਆਪਾ ਕੁਰਬਾਨ ਕਰ ਦਿੱਤਾ ਤਾਂ ਜ਼ੋਰਦਾਰ ਤੁਫਾਨ ਆ ਗਿਆ ਤੇ ਅਪਣੇ ਨਾਲ ਸਾਰੀ ਧੁੰਦ ਉਡਾ ਕੇ ਲੈ ਗਿਆ । ਸੱਚ ਦੇ ਸੂਰਜ ਦੀਆਂ ਸੁਨਹਿਰੀ ਕਿਰਨਾਂ ਧਰਤੀ ਉਪਰ ਪਈਆਂ ।

**ਮਹਾਤਮਾ** : ਸੰਗੀਤ ਹੋਰ ਉਦਾਸ ਹੋ ਗਿਐ । ਹੈਰਾਨੀ ਦੀ ਗੱਲ ਏ ਮੈਂ ਵੇਖ ਰਿਹਾਂ ਚਾਰੇ ਪਾਸੇ ਹਨੇਰਾ ਆਪਣੇ ਪੈਰ ਕਿਉਂ ਪਸਾਰ ਰਿਹੈ । ਇਹ ਹਵਾ .. ਉਫ.. ਇਹ ਕਿਸ ਤਰਾਂ ਦੀ ਹਵਾ ਏ .. ਮੇਰਾ ਦਮ ਘੁੱਟ ਰਿਹੈ ਇਸ ਹਵਾ ਵਿਚ .. ਲੋਕ ਸਾਹ ਕਿਸ ਤਰ੍ਹਾਂ ਲੈਂਦੇ ਨੇ ?

**ਚੇਲਾ** : ਤੁਹਾਡਾ ਦਮ ਇਸੇ ਕਰਕੇ ਘੁੱਟ ਰਿਹੈ ਕਿ ਤੁਸੀਂ ਇਕ ਮੁੱਦਤ ਬਾਅਦ ਇਥੇ ਆਏ ਹੋ । ਹੋਲੀ -ਹੋਲੀ ਤੁਸੀਂ ਆਦੀ ਹੋ ਜਾਵੋਗੇ ।

**ਮਹਾਤਮਾ** : ਪਰ ਇੰਨੀ ਦੁਰਗੰਧ ਕਿਉਂ ? ਉਹ ਮਿੱਠੀ - ਮਿੱਠੀ ਰੁਮਕਦੀ ਹੋਈ ਹਵਾ ਜਿਹਦੇ ਵਿਚ ਤਨ ਮਨ ਤਰੋ ਤਾਜ਼ਾ ਹੋ ਜਾਂਦੇ ਸੀ , ਕਿਧਰ ਚਲੀ ਗਈ ਏ ?

**ਚੇਲਾ** : ਉਸ ਤਾਜ਼ਾ ਤੇ ਮਿੱਠੀ -ਮਿੱਠੀ ਸੁਗੰਧਿਤ ਹਵਾ ਦੀ ਇਹਨਾਂ ਲੋਕਾਂ ਨੂੰ ਲੋੜ ਨਹੀ , ਆਪਣੀ ਬੇਕਦਰੀ ਹੁੰਦੀ ਵੇਖ ਕੇ ਉਹ ਮਿੱਠੀ - ਮਿੱਠੀ ਹਵਾ ਕਿਨਾਰਾ ਕਰ ਗਈ। ਇਹ ਲੋਕ ਪਰਦੂਸ਼ਤ ਹਵਾ ਵਿਚ ਈ ਸਾਹ ਲੈ ਸਕਦੇ ਨੇ , ਗੀਤ ਗਾ ਸਕਦੇ ਨੇ ਨੱਚ ਸਕਦੇ ਨੇ ਤੇ ਵਿਚਾਰ ਵਟਾਂਦਰਾ ਕਰ ਸਕਦੇ ਨੇ ।



**ਮਹਾਤਮਾ** : ਪਰਦੂਸ਼ਤ ਹਵਾ.. ਇਹ ਕੀ..?

**ਚੇਲਾ** : ਹਾਂ ਮਹਾਤਮਾ ਜੀ, ਜਿਨਾਂ ਚਿਰ ਹਵਾ ਪਰਦੂਸ਼ਤ ਰਹੇਗੀ , ਉਹਨਾਂ ਚਿਰ ਲੋਕ ਹਨੇਰੇ ਵਿਚ ਟੱਕਰਾਂ ਮਾਰਦੇ ਰਹਿਣਗੇ ਤੇ ਉੱਲੂ ਬਣੇ ਰਹਿਣਗੇ । ਉਹ ਲੋਕ ਪਰਦੇ ਪਿੱਛੋਂ ਆਪਣੇ ਹਿਸਾਬ ਨਾਲ ਡੋਰੀ ਖਿਚਣਗੇ ਤੇ ਆਹ ਲੋਕ ਮਾਂਦਰੀ ਨਾਚ ਨੱਚਣਾ ਸ਼ੁਰੂ ਕਰ ਦੇਣਗੇ ।

**ਮਹਾਤਮਾ** : ਡੋਰੀ ਖਿਚਣ ਵਾਲੇ ਲੋਕ ਕੋਣ ਨੇ ?

**ਚੇਲਾ** : ਉਹੀ ਤੁਹਾਡੇ ਆਪਣੇ ਲੋਕ ।

**ਮਹਾਤਮਾ** : ਮੇਰੇ ਲੋਕ ?

**ਚੇਲਾ** : ਜੀ ਹਾਂ, ਉਹ ਲੋਕ ਤੁਹਾਡੇ ਵਲੋਂ ਸਥਾਪਿਤ ਕੀਤੇ ਮੰਚ ਦੀ ਵਾਗਡੋਰ ਸੰਭਾਲ ਕੇ ਬੈਠੇ ਨੇ । ਔਹ ਮੰਚ ਜਿਸ ਉਪਰ ਤੁਸੀ ਸ਼ੁਸ਼ੋਭਿਤ ਹੋ ਕੇ ਲੋਕਾਂ ਨੂੰ ਸੰਬੋਧਨ ਕਰਦੇ ਸੀ। (ਇੱਕ ਪਲ ਲਈ ਰੋਸ਼ਨੀ ਭਾਗ ਨੰਬਰ ਦੋ ਤੇ ਪੈਂਦੀ ਹੈ) ਉਸ ਉਪਰ ਜਿਹੜਾ ਮਹਾਂਪੁਰਸ਼ ਹੁਣ ਬਿਰਾਜਮਾਨ ਹੁੰਦੈ, ਲੋਕ ਉਹਨੂੰ ਮਹਾਤਮਾ ਕਹਿੰਦੇ ਨੇ।

**ਮਹਾਤਮਾ** : ਉਹ ਮਹਾਤਮਾ ਕਿਸ ਤਰ੍ਹਾਂ ਹੋ ਸਕਦੈ? ਨਾ ਨਾ, ਉਹ ਮਹਾਤਮਾ ਨਹੀ ਹੋ ਸਕਦਾ ।

**ਚੇਲਾ** : ਲੋਕ ਉਹਨੂੰ ਮਹਾਤਮਾ ਈ ਕਹਿੰਦੇ ਨੇ । ਉਸ ਮੰਚ ਉਪਰ ਰੂੜੀਆਂ ਤੇ ਲੇਟਣ ਵੇਲੇ ਕਿਸੇ ਖੋਤੇ ਦਾ ਹਾਰ ਸ਼ਿੰਗਾਰ ਕਰਕੇ ਬਿਠਾ ਦਿੱਤਾ ਜਾਵੇ ਤਾਂ ਉਹ ਲੋਕਾਂ ਦਾ ਮਹਾਤਮਾ ਹੀ ਹੋਵੇਗਾ ।

**ਮਹਾਤਮਾ** : ਮੇਰਾ ਮੰਚ ਤਾਂ ਮਾਨਵਤਾ ਦੀ ਭਲਾਈ ਵਾਲਾ ਮੰਚ ਸੀ। ਉਸ ਮੰਚ ਤੋਂ ਜਿਹੜੀ ਦਵਾਈ ਪਿਆਈ ਜਾਂਦੀ ਸੀ, ਉਹ ਦਵਾਈ ਦੀ ਮਹਿਕ ਨਾਲ ਫੁੱਲ ਟਹਿਕਣ ਲੱਗ ਪੈਂਦੇ ਸੀ । ਉਹ ਦਵਾਈ ਲੋਕਾਂ ਵਿਚ ਚੇਤਨਾ ਦਾ ਪਸਾਰਾ ਕਰਦੀ ਸੀ ।

**ਚੇਲਾ** : ਚਿੰਤਾ ਵਾਲੀ ਗੱਲ ਤਾਂ ਇਹ ਈ ਏ ਕਿ ਜਦ ਕੋਈ ਨਵੀਂ ਸ਼ੁਧ ਦਵਾਈ ਨਿਕਲਦੀ ਏ ਤਾਂ ਉਸੇ ਵਕਤ ਸ਼ੈਤਾਨ ਦੀ ਅੱਖ ਅਪਣਾ ਡੰਗ ਮਾਰਦੀ ਏ ਤੇ ਉਹ ਲੋਕ ਨਕਲੀ ਦਵਾਈ ਤਿਆਰ ਕਰ ਲੈਂਦੇ ਨੇ । ਉਸ ਦਵਾਈ ਦਾ ਲੇਬਲ ਅਸਲੀ ਦਵਾਈ ਦੇ ਲੇਬਲ ਵਾਲਾ ਹੁੰਦੈ । ਬੋਤਲ ਵੀ ਉਸੇ ਤਰ੍ਹਾਂ ਦੀ , ਰੰਗ ਵੀ ਉਹੀ । ਪਰ ਉਸ ਦਾ ਅਸਰ ਇਕ ਦਮ ਵੱਖਰਾ..

**ਮਹਾਤਮਾ** : ਉਸ ਦਵਾਈ ਦਾ ਅਸਰ ਕਿਸ ਤਰ੍ਹਾਂ ਦਾ ਹੁੰਦੈ ?

**ਚੇਲਾ** : ਜ਼ਹਿਰ ..ਭਿਆਨਕ ਜ਼ਹਿਰ । ਲੇਬਲ ..ਇਥੇ ਲੇਬਲ ਚਲਦੇ ਨੇ। ਵੱਖ- ਵੱਖ ਮੰਚਾਂ ਤੇ ਬੈਠੇ ਮਹਾਤਮਾ ਲੋਕ ਲੇਬਲ ਹੀ ਤਾਂ ਨੇ।

**ਮਹਾਤਮਾ** : ਮੈਂ ਤਾਂ ਆਪਣੇ ਮੰਚ ਉਪਰ ਆਪਣਾ ਕੋਈ ਵਾਰਸ ਚੁਣਿਆ ਹੀ ਨਹੀਂ ਸੀ । ਫਿਰ ਮੇਰੇ ਮੰਚ ਤੇ ਕੋਈ ਬੰਦਾ ਮਹਾਤਮਾ ਬਣ ਕੇ ਕਿਵੇਂ ਬਹਿ ਗਿਐ ?

**ਚੇਲਾ** : ਆਪਣੇ ਡੁਰਲੀ ਜੱਥੇ ਦੀ ਮਦਦ ਨਾਲ । ਅੱਜਕਲ੍ਹ ਹਿੱਕ ਦੇ ਜ਼ੋਰ ਨਾਲ ਨਾਜ਼ਾਇਜ਼ ਕਬਜ਼ੇ ਹੁੰਦੇ ਨੇ । ਉਹ ਬੰਦਾ ਵੀ ਇਵੇਂ ਮਹਾਤਮਾ ਬਣਿਐ । ਜਿਹਦੀ ਲਾਠੀ ਉਹਦੀ ਮੱਝ । ਇਸ ਗੱਲ ਦੀ ਕੋਈ ਬਹੁਤੀ ਤੁੱਕ ਨਹੀਂ ਰਹੀ ਅਕਲ ਵੱਡੀ ਕਿ ਮੱਝ ।

**ਮਹਾਤਮਾ** : ਮੈ ਤਾਂ ਲੋਕਾਂ ਲਈ ਸੀ , ਮੇਰਾ ਮੰਚ ਲੋਕਾਂ ਦਾ ਮੰਚ ਸੀ । ਮੈ ਸੰਜੀਵਨੀ ਬੂਟੀ ਤੋਂ ਦਵਾਈ ਤਿਆਰ ਕਰਕੇ ਵੰਡੀ ਸੀ ਪਰ ਫਿਰ ਵੀ ਲੋਕ ਮੈਨੂੰ ਭੁੱਲ ਗਏ ..

**ਚੇਲਾ** : ਮਹਾਤਮਾ ਜੀ ਹੋਇਆ ਇੰਜ ਈ ਏ । ਉਹ ਵੇਖੋ । ( ਭਾਗ ਨੰ.2 ਤੇ ਰੋਸ਼ਨੀ ਪੈਂਦੀ ਹੈ, ਲੋਕ ਮੂਰਤੀ ਪੂਜਾ ਕਰ ਰਹੇ ਹਨ , ਕੁਝ ਲੋਕਾਂ ਧੂਫਾਂ ਫੜੀਆਂ ਹੋਇਆ ਹਨ, ਕੁੱਝ ਲੋਕ ਮੂਰਤੀਆਂ ਅਗੇ ਹੱਥ ਜੋੜ ਕੇ ਖੜ੍ਹੇ ਹਨ , ਇੱਕ ਅਤੇ ਦੋ ਆਪਸ ਵਿਚ ਗਲਬਾਤ ਕਰ ਰਹੇ ਹਨ)

**ਇੱਕ** : ਕਮਾਲ ਕਰ ਤੀ ਪੇਂਟਰ ਰਾਜੂ ਨੇ । ਇਹੋ ਜਿਹੀ ਮੂਰਤੀ ਕੋਈ ਨਹੀ ਬਣਾ ਸਕਦਾ ਭਾਵੇਂ ਸੌ ਸਾਲ ਮੱਥਾ ਮਾਰਦਾ ਰਹੇ ।

**ਦੋ** : ਇਹ ਤਾਂ ਬਿਲਕੁਲ ਜੀਂਦੀ ਏ , ਸਾਡੇ ਵੱਲ ਇਹ ਤੱਕਦੀ ਪਈ ਏ । ਰਾਜੂੰ ਪੇਂਟਰ ਨੇ ਬਹਿਜਾ ਬਹਿਜਾ ਕਰਾਤੀ । ਪਿਛੇ ਜਿਹੇ ਭਰ ਜ਼ੋਬਨ ਮੁਟਿਆਰ ਦੀ ਉਹਨੇ ਤਸਵੀਰ ਬਣਾਈ , ਜਿਹੜਾ ਵੇਖੇ ਬਸ ਉਹ ਕੀਲੀਆ ਈ ਜਾਵੇ।

**ਇੱਕ** : ਰਾਜੂ ਆਪ ਤਾਂ ਜੋ ਹੈ ਵੇ ਪਤਾ ਈ ਏ ਸਾਰਿਆ ਨੂੰ । ਉਹਦੇ ਉਪਰ ਆਪਣੇ ਮਹਾਤਮਾ ਦਾ ਹੱਥ ਏ , ਨਹੀ ਤਾਂ ਰਾਜੂ ਕਾਣਾ ਕੀ ਕਰ ਸਕਦੈ ?



**ਦੋ** : ਆਪਣੇ ਮਹਾਤਮਾ ਦੀ ਨਿਗਾਹ ਜਿਧਰ ਪੈ ਜਾਵੇ , ਕੱਖੋਂ ਲੱਖ ਕਰ ਦਿੰਦੀ ਏ । ਉਹਨਾਂ ਦੀ ਕਿਰਪਾ ਨਾਲ ਹੀ ਰਾਜੂ ਨੇ ਵੱਡੇ ਮਹਾਤਮਾ ਦੀ ਤਸਵੀਰ ਬਣਾਈ । (ਰੋਸ਼ਣੀ ਵਿਚਕਾਰਲੇ ਭਾਗ ਤੇ ਪੈਂਦੀ ਹੈ )

**ਚੇਲਾ** : ਮਹਾਤਮਾ ਜੀ, ਉਹ ਵੇਖੋ ਲੋਕ ਤੁਹਾਡੀ ਤਸਵੀਰ ਨੂੰ ਧੂਫਾਂ ਦੇ ਰਹੇ ਨੇ , ਮੱਥੇ ਰਗੜ ਰਹੇ ਨੇ, ਨੱਕ ਰਗੜ ਰਗੜ ਘਸਾ ਲਈ ਏ ਫਿੰਨੋ ਨੇ ।

**ਮਹਾਤਮਾ** : ਇਹ ਸਭ ਮੇਰੀ ਵਿਚਾਰਧਾਰਾ ਦੇ ਉਲਟ ਹੋ ਰਿਹੈ । ਮੈਂ ਸਾਰੀ ਉਮਰ ਇਹੋ ਸਮਝਾਉਂਦਾ ਰਿਹਾ ਕਿ ਮੂਰਤੀ ਪੂਜਾ ਪਾਪ ਏ , ਬੁੱਤ ਪੂਜਾ ਬਕਵਾਸ ਏ । ਕੰਮ ਇੱਕ ਪੂਜਾ ਏ, ਪਰ ਨਿਰੀ ਪੂਜਾ ਕੰਮ ਨਹੀਂ ਹੋ ਸਕਦੀ । ਮੇਰੇ ਜੀਵਨ ਦੀ ਸਾਰੀ ਕਮਾਈ ਮਿੱਟੀ ਘੱਟੇ 'ਚ ਰੁਲ ਗਈ ਏ ਮੈਂ ਬਹੁਤ ਉਦਾਸ ਆਂ ।

**ਚੇਲਾ** : ਇੱਥੇ ਤਾਂ ਹੁਣ ਉਲਟੀ ਗੰਗਾ ਚਲਦੀ ਏ । ਇੱਕ ਸ਼ਰਧਾਲੂ ਪੱਥਰ ਅੱਗੇ ਹੱਥ ਜੋੜ ਕੇ ਅੱਖਾਂ ਬੰਦ ਕਰ ਕੇ ਬੈਠੈ ਜਿਵੇਂ ਹੁਣੇ ਰੱਬ ਨੇ ਪੱਥਰ ਪਾੜ ਕੇ ਵਿੱਚੋਂ ਬਾਹਰ ਨਿਕਲ ਆਉਣਾ ਏ ਤੇ ਉਸ ਸ਼ਰਧਾਲੂ ਦੇ ਗੱਲ 'ਚ ਹਾਰ ਪਾ ਦੇਣੈਂ।( ਇੱਕ ਪਾਸੇ ਇਸ਼ਾਰਾ ਕਰਦਾ ਹੋਇਆ) ਮਹਾਤਮਾ ਜੀ ਸਾਹਮਣੇ ਬੜਾ ਉੱਚਾ ਗੇਟ ਬਣ ਰਿਹੈ। ਆਪਣੇ ਦੇਸ਼ ਦਾ ਇਹ ਸਭ ਤੋਂ ਮਹਿੰਗਾ ਗੇਟ ਬਣੇਗਾ।

**ਮਹਾਤਮਾ** : ਕਿਹਦੇ ਨਾਂ ਦਾ ਗੇਟ ਬਣ ਰਿਹੈ ?

**ਚੇਲਾ** : ਜੀ ਇਹ ਤੁਹਾਡੇ ਨਾਂ ਤੇ ਹੋ ਰਿਹੈ । ਹੁਣ ਤੇ ਇਸ ਨਗਰ ਵਿੱਚ ਕੋਈ ਦੁਕਾਨ ਖੁੱਲ੍ਹੇ ਜਾਂ ਹਸਪਤਾਲ , ਤਾਂ ਵੀ ਤੁਹਾਡੇ ਨਾਂ ਤੇ ।

**ਮਹਾਤਮਾ** : ਮੇਰੇ ਨਾਂ ਦੀ ਇੰਨੀ ਵਰਤੋ ਕਿਉਂ ?

**ਚੇਲਾ** : ਘਾਟਾ ਨਹੀਂ ਪੈਂਦਾ । ਮਾਇਆ ਐਂ ਵਰਦੀ ਏ ਜਿਵੇਂ ਸੌਣ ਦੇ ਮਹੀਨੇ ਮੀਂਹ ਵਰਦਾ ਏ । ਇਸ ਗੇਟ ਉੱਪਰ ਤੁਹਾਡਾ ਨਾਂ ਸੁਨਹਿਰੀ ਅੱਖਰਾ ਵਿੱਚ ਲਿਖਿਆ ਜਾਵੇਗਾ । ਤੁਸੀ ਅਜੇ ਵੀ ਖੁਸ਼ ਨਹੀ ?

**ਮਹਾਤਮਾ** : ਮੈਂ ਖੁਸ਼ ਕਿਵੇਂ ਹੋਵਾਂ । ਇਹਨਾਂ ਲੋਕਾ ਨੂੰ ਹੋਰ ਕੋਈ ਕੰਮ ਨਹੀਂ ਜਿਹੜੇ ਗੇਟ ਬਨਾਉਣ ਵਾਸਤੇ ਪਹੁੰਚੇ ਨੇ?

**ਚੇਲਾ** : ਸਾਰੇ ਕੰਮ ਛੱਡ ਕੇ ਆਏ ਨੇ । ਨਿਹਾਲੇ ਦੀ ਬਾਹਰ ਪੈਲੀ ਵਿੱਚ ਤੂੜੀ ਪਈ ਏ, ਜੇ ਮਾੜੀ ਜਿਹੀ ਹਨੇਰੀ

ਆਈ ਤਾਂ ਮਾਂਜਾ ਈ ਫਿਰ ਜਾਵੇਗਾ । ਖੁਸ਼ਹਾਲੇ ਦੀ ਢੋਣ ਵਾਲੀ ਰੂੜੀ ਪਈ ਏ । ਮੇਲੇ ਦੇ ਡੰਗਰ ਭੁੱਖੇ ਝਿੰਗਦੇ ਪਏ ਨੇ ।

**ਮਹਾਤਮਾ** : ਫਿਰ ਉਹ ਕਿਉਂ ਨਹੀਂ ਕਰਦੇ ਆਪੋ ਆਪਣੇ ਕੰਮ। ਇਹਨਾਂ ਲੋਕਾਂ ਨੂੰ ਗੇਟ ਬਨਾਉਣ ਵਾਸਤੇ ਕਿਸ ਬੰਦੇ ਨੇ ਲਾਇਐ ?

**ਚੇਲਾ** : ਅੱਜ ਦੇ ਮਹਾਤਮਾ ਨੇ ਜੋ ਤੁਹਾਡੇ ਮੰਚ ਤੇ ਬਿਰਾਜਮਾਨ ਏ ।

**ਮਹਾਤਮਾ** : ਗੇਟ ਬਨਾਉਣ ਵਾਸਤੇ ਮਾਇਆ ਕਿਥੋਂ ਆ ਰਹੀ ਏ।

**ਚੇਲਾ** : ਇਹ ਲੋਕ ਮਾਇਆ ਵੀ ਦੇ ਰਹੇ ਨੇ ਤੇ ਹੱਥੀਂ ਸੇਵਾ ਵੀ ਕਰ ਰਹੇ ਨੇ ।

**ਮਹਾਤਮਾ** : ਇਹ ਲੋਕ ਬੜੇ ਦਾਨੀ ਜਾਪਦੇ ਨੇ । ਇਹ ਵੱਖਰੀ ਗੱਲ ਏ ਇਹ ਲੋਕ ਅੱਖਾਂ ਬੰਦ ਕਰਕੇ ਦਾਨ ਦੇ ਰਹੇ ਨੇ । ਇਹਨਾਂ ਲੋਕਾਂ ਕੋਲ ਮਾਇਆ ਦੇ ਬੜੇ ਭੰਡਾਰ ਹੋਣਗੇ?

**ਚੇਲਾ** : ਮਾਫ਼ ਕਰਨਾ ਮਹਾਤਮਾ ਜੀ, ਇਹ ਲੋਕ ਆਪਣੇ ਘਰ ਦੀਆਂ ਲੋੜਾਂ ਪੂਰੀਆਂ ਕਰਦੇ ਕਰਦੇ ਖੁਦ ਪੂਰੇ ਹੋ ਜਾਂਦੇ ਨੇ । ਕੱਲ੍ਹ ਨਿਹਾਲੇ ਦਾ ਮੁੰਡਾ ਰੋ ਹਿਹਾ ਸੀ ਤੇ ਕਹਿ ਰਿਹਾ ਸੀ ਮੈਨੂੰ ਨਵਾਂ ਪਜਾਮਾ ਲੈ ਦਿਉ, ਪੁਰਾਣਾ ਪਜਾਮਾ ਫੱਟ ਗਿਐ । ਮੁੰਡਾ ਅਜੇ ਵੀ ਰੋ ਰਿਹੈ ਪਰ ਨਿਹਾਲੇ ਦੀ ਸੇਹਤ ਤੇ ਭੋਰਾ ਅਸਰ ਨਹੀਂ । ਖੁਸ਼ਹਾਲੇ ਦਾ ਮੁੰਡਾ ਕਾਪੀਆਂ ਮੰਗ ਰਿਹਾ ਸੀ । ਪਰ ਉਹਨੂੰ ਕਾਪੀਆਂ ਨਹੀ ਮਿਲੀਆਂ । ਮੇਲੇ ਦਾ ਬਿਮਾਰ ਮੁੰਡਾ ਸੇਬ ਖਾਣਾ ਚਾਹੁੰਦਾ ਏ ਪਰ ਉਹਨੂੰ ਸੇਬ ਨਹੀਂ ਮਿਲੇਗਾ।

**ਮਹਾਤਮਾ** : ਰੋਣਾ ਆ ਰਿਹੈ ਇਹ ਲੋਕਾਂ ਵੱਲ ਵੇਖ – ਵੇਖ ਕੇ । ਇਹ ਗੇਟ ਬਣਾ ਰਹੇ ਨੇ , ਜਿਹਦਾ ਕੋਈ ਫਾਇਦਾ ਈ ਨਹੀਂ। ਇਹਨਾਂ ਨੂੰ ਜੇਠੂ ਦੀ ਢੱਠੀ ਕੁੱਲੀ ਨਜ਼ਰ ਨਹੀਂ ਆਈ । ਸਿਆਲ ਆ ਰਿਹੈ, ਜੇਠੂ ਤੇ ਉਹਦਾ ਟੱਬਰ ਠਰੂ ਠਰੂ ਕਰੇਗਾ । ਇਹ ਲੋਕ ਉਹਦੀ ਕੁੱਲੀ ਬਣਾ ਦਿੰਦੇ , ਜੇਠੂ ਦਾ ਸਿਆਲ ਸੌਖਾ ਲੱਘ ਜਾਂਦੈ ।

**ਚੇਲਾ** : ਟੱਬਰ ਠਰੇਗਾ ਤਾਂ ਵਿਚਾਰੇ ਜੇਠੂ ਦਾ , ਟੱਬਰ ਮਰੇਗਾ ਤਾਂ ਜੇਠੂ ਦਾ। ਅੱਜ ਦੇ ਮਹਾਤਮਾ ਨੂੰ ਕੀ? ਗੇਟ ਦਾ ਵੀ ਪੱਜ ਈ ਏ ਮਹਾਤਮਾ ਜੀ। ਬਿਮਾਰੀ ਤਾਂ ਮਾਇਆ ਕੱਠੀ ਕਰਨ ਦੀ ਏ। ਸੌ ਚੋਂ ਚਾਲੀ ਲਾਓ ਗੇਟ ਤੇ



ਬਾਕੀ ਸੱਠ ਸੁੱਟੋ ਸਿੱਧੇ ਆਪਣੇ ਢਿੱਡ ਵਿੱਚ। ਇਹਨੂੰ ਕਹਿੰਦੇ ਨੇ ਬੁੱਧੀ ।

**ਮਹਾਤਮਾ** : ਇਹ ਲੋਕ ਆਪਣੇ ਬਾਲਾਂ ਦਾ ਪੇਟ ਕੱਟ ਕੇ ਦਾਨ ਦੇ ਰਹੇ ਨੇ। ਨੰਨੇ ਮੁੰਨੇ ਮਸੂਮ ਬੱਚਿਆਂ ਦੀਆਂ ਸਧਰਾਂ ਦਾ ਸ਼ਰੇਆਮ ਗਲਾ ਘੁੱਟਿਆ ਜਾ ਰਿਹੈ ।

**ਚੇਲਾ** : ਬੁੱਧੀ ਦਾ ਬੁੱਧੂ ਲੋਕਾਂ ਕੋਲ ਕਾਹਦਾ ਕੰਮ? ਇਹ ਲੋਕ ਬੜੀ ਮੌਜ ਵਿੱਚ ਨੇ, ਬੁੱਧੀ ਦੀ ਵਰਤੋਂ ਘੱਟ ਹੀ ਕਰਦੇ ਨੇ। ਇਹ ਚਲਦੇ ਨੇ ਰਿਮੋਟ ਕੰਟਰੋਲ ਨਾਲ। ਅੱਜ ਦਾ ਮਹਾਤਮਾ ਬਟਨ ਦਬਾਉਂਦਾ ਏ ਤੇ ਇਹ ਲੋਕ ਹਰਕਤ ਵਿੱਚ ਆ ਜਾਂਦੇ ਨੇ।

**ਕਵਿਤਾ ਦੇ ਬੋਲ** : ਵਾਣੀ ਦੇ ਬੋਲ ਪਿਆਰੇ ਨੇ<br>ਇਹ ਜਿਮੀਂ ਤੇ ਸਿਤਾਰੇ ਨੇ।

**ਮਹਾਤਮਾ** : (ਉਤਸੁਕਤਾ ਨਾਲ) ਇਹ ਤਾਂ ਮੇਰੀ ਲਿੱਖੀ ਕਵਿਤਾ ਏ ?

**ਚੇਲਾ** : ਹਾਂ ਮਹਾਤਮਾ ਜੀ, ਇਹ ਸਦਾ ਤੁਹਾਡੀ ਉਸਤਤ ਗਾਉਂਦੇ ਨੇ। ਇੱਕ ਬੰਦਾ ਤੁਹਾਡੀ ਕਵਿਤਾ ਸੁਣਾ ਰਿਹੈ।

**ਮਹਾਤਮਾ** : ਮੇਰੀ ਕਵਿਤਾ ਦਾ ਕੁੱਝ ਅਸਰ ਲੋਕਾਂ ਉਪਰ ਜ਼ਰੂਰ ਪੈਂਦਾ ਹੋਵੇਗਾ।

**ਚੇਲਾ** : ਹਾਂ ਜੀ ਤੁਹਾਡੀ ਕਵਿਤਾ ਉੱਚੀ – ਉੱਚੀ ਹੇਕ ਲਾ ਕੇ ਗਾਉਣ ਨਾਲ ਬੋਰੀ ਭਰ ਜਾਂਦੀ ਏ ਨੋਟਾਂ ਨਾਲ। ਉਹ ਵੇਖੋ..(ਭਾਗ ਨੰ. 2 ਤੇ ਰੋਸ਼ਨੀ ਪੈਂਦੀ ਹੈ। ਇੱਕ ਕਲਾਕਾਰ ਗਾਇਕੀ ਵਿੱਚ ਕਵਿਤਾ ਪੇਸ਼ ਕਰ ਰਿਹਾ ਹੈ)

**ਕਲਾਕਾਰ** : ਰੱਬ ਦੀ ਰਜ਼ਾ 'ਚ ਰਹੋ<br>ਨਾ ਕਰੋ ਮਾਇਆ ਨਾਲ ਪਿਆਰ<br>ਕਿਰਤ ਦੀ ਰੋਟੀ ਖਾਣੀ<br>ਤੁਸੀ ਸਿੱਖ ਲਉ ਚੱਜ ਵਿਹਾਰ ।<br>(ਨੋਟਾਂ ਦੀ ਵਰਖਾ ਹੁੰਦੀ ਹੈ )<br>ਮਾਇਆ ਦੇ ਖੁੱਲੇ ਗਫ਼ੇ ਲਵਾਉਣ ਵਾਲੇ ਸਾਰੇ ਸੱਜਨ ਮਹਾਤਮਾ ਜੀ ਦੀ ਕਵਿਤਾ ਨੂੰ ਤਹਿ ਤੱਕ ਸਮਝਦੇ ਨੇ। ਇਹਨਾਂ ਸਭ ਸਜਨਾਂ ਨੇ ਆਪਣਾ ਅਗਲਾ ਜੀਵਨ ਸਫਲਾ ਕਰ ਲਿਆ ਹੈ । ਮਹਾਤਮਾ ਜੀ ਦੀ ਕਵਿਤਾ ਤੱਪਦੇ ਦਿਲਾਂ ਨੂੰ ਠਾਰਦੀ ਏ। ਬੋਲੋ, ਜੈ ਮਹਾਤਮਾ ਦੀ।

**ਲੋਕ** : ਜੈ ਮਹਾਤਮਾ ਦੀ ।

**ਕਲਾਕਾਰ** : ਤੇ ਮਹਾਤਮਾ ਜੀ ਨੇ ਕਿਹੈ - ਭਗਤ ਜਨੋ, ਜਿਥੇ ਕਿਤੇ ਵੀ ਤੁਸੀ ਸਾਨੂੰ ਯਾਦ ਸਾਨੂੰ ਕਰੋਗੇ , ਸਾਡਾ ਚੀਨਾ ਕਬੂਤਰ ਤੁਹਾਡੇ ਮਨ ਦੀ ਵੇਦਨਾ ਸੁਣੇਗਾ ਤੇ ਉੱਡ ਕੇ ਮੇਰੇ ਪਾਸ ਆ ਜਾਵੇਗਾ । ਤੁਹਾਡੀ ਵਿਥਿਆ ਸਾਨੂੰ ਸੁਣਾਵੇਗਾ ਤੇ ਨਾਲ ਹੀ ਤੁਹਾਡਾ ਕਸ਼ਟ ਕੱਟਿਆ ਜਾਵੇਗਾ ।

**ਲੋਕ** : ਜੈ ਮਹਾਤਮਾ ਦੀ , ਜੈ ਚੀਨੇ ਕਬੂਤਰ ਦੀ ।
(ਰੋਸ਼ਨੀ ਵਿਚਕਾਰਲੇ ਭਾਗ ਤੇ ਪੈਂਦੀ ਹੈ )

**ਮਹਾਤਮਾ** : (ਕਾਹਲਾ ਪੈਂਦਾ ਹੋਇਆ) ਮੇਰਾ ਵੱਸ ਚੱਲੇ ਤਾਂ ਇਸ ਕਲਾਕਾਰ ਦੇ ਮਾਰ ਕੇ ਥੱਪੜ ਮੂੰਹ ਲਾਲ ਕਰ ਦਿਆਂ । ਲਾਲਚੀ ਕੁੱਤਾ ਕਿਸੇ ਥਾਂ ਦਾ। ਆਪਣੇ ਕੋਲੋਂ ਮਨਘੜਤ ਗੱਲਾਂ ਸੁਣਾਈ ਜਾ ਰਿਹੈ ਤੇ ਲੋਕ ਇਤਬਾਰ ਕਰੀ ਜਾ ਰਹੇ ਨੇ। ਮੇਰੇ ਪਾਸ ਨਾ ਕੋਈ ਚੀਨਾ ਕਬੂਤਰ ਸੀ ਨਾ ਕੋਈ ਹੋਰ ਕਿਸੇ ਰੰਗ ਦਾ, ਮੇਰੇ ਮੰਚ ਤੇ ਚੜ੍ਹਕੇ ਇਹ ਬੰਦਾ ਝੂਠ ਬੋਲੀ ਜਾਂਦੈ।

**ਚੇਲਾ** : ਇਹ ਲੋਕਾਂ ਨੂੰ ਸਵਰਗ ਦੇ ਝੂਟੇ ਦੀ ਗਰੰਟੀ ਦੇ ਰਿਹੈ ।

**ਮਹਾਤਮਾ** : ਗਰੰਟੀ ?

**ਚੇਲਾ** : ਇਤਬਾਰ ਦਾ ਦੂਜਾ ਨਾ। ਲੋਕ ਬਜਾਰ ਵਿੱਚ ਜਾਂਦੇ ਨੇ , ਮੰਡੀਆਂ ਵਿੱਚ ਜਾਂਦੇ ਨੇ , ਖਰੀਦੋ ਫ਼ਰੋਖਤ ਕਰਦੇ ਨੇ । ਦੁਕਾਨਦਾਰ ਵੇਚੀ ਚੀਜ ਦੀ ਗਰੰਟੀ ਦਿੰਦੇ ਨੇ ਕਿ ਆਹ ਚੀਜ਼ ਠੀਕ ਨਾ ਚੱਲੇ ਤਾਂ ਸਾਡੀ ਦੁਕਾਨੇ ਸੁੱਟ ਜਾਇਓ। ਕੇਹਰੂ ਨੇ ਮੰਡੀ ਵਿੱਚੋ ਮੱਝ ਖਰੀਦੀ । ਵੇਚਣ ਵਾਲੇ ਨੇ ਕਿਹੈ - ਦਸ ਲਿਟਰ ਤੋਂ ਘੱਟ ਦੁੱਧ ਦੇਵੇ ਤਾਂ ਸਾਡੇ ਕਿੱਲ੍ਹੇ ਬੰਨ ਜਾਵੀ । ਇਹੋ ਗੱਲਾਂ ਕਲਾਕਾਰ , ਕਥਾਕਾਰ ਵਗੈਰਾ ਕਰੀ ਜਾਂਦੇ ਨੇ ।

**ਮਹਾਤਮਾ** : ਪਰ ਇਹ ਸਭ ਬਕਵਾਸ ਬਾਜੀ ਏ ।

**ਚੇਲਾ** : ਲੋਕਾਂ ਨੂੰ ਬਕਵਾਸ ਬਾਜੀ ਸੁਣ ਕੇ ਸਵਾਦ ਬੜਾ ਆਉਂਦੈ ।

**ਮਹਾਤਮਾ** : ਇਥੋਂ ਬਦਕਿਸਮਤੀ ਪੈਦਾ ਹੋਵੇਗੀ । ਇਹ ਮਨਘੜਤ ਤੇ ਝੂਠੀਆ ਕਥਾਵਾਂ ਤਤਕਾਲ ਬੰਦ ਹੋਣੀਆਂ ਚਾਹੀਦੀਆਂ ਨੇ ।



**ਚੇਲਾ** : ਹਾਂ , ਇਹਨਾਂ ਕਥਾਵਾਂ ਨੇ ਅਕਲ ਨੂੰ ਖੋਰ ਕੇ ਬਾਹਰ ਕੱਢ ਦੇਣਾ ਏ । ਇਹ ਲੋਕ ਕਿਸੇ ਹੋਰ ਹੀ ਸਵਰਗ ਲੱਭਣ ਦੀ ਕੋਸ਼ਿਸ਼ ਵਿੱਚ ਨੇ ਜੋ ਅਸਲ ਵਿੱਚ ਹੈ ਈ ਨਹੀਂ ।

**ਮਹਾਤਮਾ** : ਹੁਣ ਪਤਾ ਲੱਗੈ ਇਸ ਥਾਂ ਤੇ ਜਿਹੜੀਆਂ ਠੰਡੀਆਂ , ਮਿੱਠੀਆਂ ਪੌਣਾਂ ਚਲਦੀਆਂ ਸੀ , ਉਹ ਕਿਉਂ ਨਹੀਂ ਰਹੀਆਂ । ਇਥੇ ਦੀ ਹਵਾ ਇੰਨੀ ਜ਼ਹਿਰੀਲੀ ਹੋਣੀ ਸੁਭਾਵਿਕ ਹੀ ਸੀ ।

**ਆਵਾਜ਼ਾ** : ਜੈ ਮਹਾਤਮਾ ਦੀ, ਜੈ ਮਹਾਤਮਾ ਦੀ ।
(ਭਾਗ ਨੰ. 2 ਤੇ ਰੋਸ਼ਨੀ ਪੈਂਦੀ ਹੈ ਤੇ ਅੱਜ ਦਾ ਮਹਾਤਮਾ ਸਟੇਜ ਤੇ ਚੜ੍ਹਨ ਦੀ ਕੋਸ਼ਿਸ ਵਿੱਚ ਹੈ, ਰੋਸ਼ਨੀ ਇੱਕ ਵਾਰ ਫਿਰ ਵਿਚਕਾਰਲੀ ਸਟੇਜ ਤੇ ਪੈਂਦੀ ਹੈ )

**ਮਹਾਤਮਾ** : ਉਹ ਕੌਣ ਏ ਮੋਟਾ ਜਿਹਾ , ਭਾਰੀ ਗੋਗੜ ਵਾਲਾ ਬੰਦਾ ?

**ਚੇਲਾ** : ਮਹਾਤਮਾ ਜੀ, ਬੁੱਝੋ ਭਲਾ ਕੌਣ ਏ?

**ਮਹਾਤਮਾ** : ਇਹ ਬੰਦਾ ਏ ਕਿ ਰਾਖਸ਼ ? ਇਹਦੇ ਸਰੀਰ ਨੂੰ ਝੋਲ ਪਈ ਪੈਂਦੀ ਏ, ਲੱਤਾਂ ਹਚਕੋਲੇ ਖਾ ਰਹੀਆਂ ਨੇ ।

**ਚੇਲਾ** : ਦਸਾਂ ਇਹ ਬੰਦਾ ਕੌਣ ਏ।

**ਮਹਾਤਮਾ** : ਇਹ ਕੋਈ ਪਹਿਲਵਾਨ ਲਗਦੈ।

**ਚੇਲਾ** : ਇਹ ਪਹਿਲਵਾਨ ਨਹੀਂ ਜੀ , ਇਹ ਅੱਜ ਦਾ ਮਹਾਤਮਾ ਏ ।

**ਮਹਾਤਮਾ** : (ਬਹੁਤ ਹੈਰਾਨੀ ਵਿੱਚ ) ਹੈਂ?

**ਚੇਲਾ** : ਜੀ ਹਾਂ।

**ਮਹਾਤਮਾ** : ਸਤਿਆਨਾਸ ।

**ਚੇਲਾ** : ਉਹ ਤਾਂ ਹੋ ਈ ਰਿਹੈ ।

**ਮਹਾਤਮਾ** : ਮੈ ਸਮਝਿਆ ਇਸ ਬੰਦੇ ਨੇ ਸਰੀਰ ਇਸ ਤਰ੍ਹਾਂ ਪਾਲਿਆ ਹੋਇਐ ਜਿਵੇਂ ਇਹਨੇ ਵਿਸ਼ਵ ਦੀਆ ਖੇਡਾਂ ਵਿੱਚ ਕੁਸ਼ਤੀ ਕਰਨ ਜਾਣਾ ਹੋਵੇ ।( ਦੂਸਰੇ ਭਾਗ ਵੱਲ ਵੇਖ ਕੇ ) ਉਹਨੂੰ ਕੁੱਝ ਬੰਦੇ ਚੁੱਕ ਕੇ ਚੜ੍ਹਾ ਰਹੇ ਨੇ ।

**ਚੇਲਾ** : ਜੀ ਇਹਨੂੰ ਕਾਰ ਵਿਚ ਚੁੱਕ ਕੇ ਚੜ੍ਹਾਉਂਦੇ ਨੇ ਤੇ ਕਾਰ ਵਿੱਚੋਂ ਲਾਹੁੰਦੇ ਵੀ ਇਸੇ ਤਰ੍ਹਾਂ ਨੇ । ਅੱਜ ਦੇ ਮਹਾਤਮਾ ਦੀ ਸਭਾ ਲਗਣ ਵਾਲੀ ਏ ।

ਮਹਾਤਮਾ : ਉਹ ਮਾਈ ਕੀ ਕਰ ਰਹੀ ਏ ? ਮਾਈ ਬੋਤਲ ਚੁੱਕੀ ਫਿਰਦੀ ਏ ਕਿਤੇ ਉਹ ਸ਼ਰਾਬ ਤਾਂ ਨਹੀਂ..

ਚੇਲਾ : ਨਾ ਜੀ , ਉਹ ਜਲ ਦੀ ਬੋਤਲ ਚੁੱਕੀ ਫਿਰਦੀ ਏ, ਅੱਜ ਦਾ ਮਹਾਤਮਾ ਫੂਕ ਮਾਰੇਗਾ ਤੇ ਜਲ ਪਵਿੱਤਰ ਹੋ ਜਾਵੇਗਾ ।

ਮਹਾਤਮਾ : ਫੂਕ ਨਾਲ ?

ਚੇਲਾ : ਇਥੇ ਇਹੋ ਕੜ੍ਹੀ ਘੁਲਦੀ ਏ। ਤੁਸੀ ਵੇਖਦੇ ਜਾਓ ਇਥੋਂ ਦੇ ਚਮਤਕਾਰ...(ਭਾਗ ਨੰ.2 ਤੇ ਰੋਸ਼ਨੀ ਹੁੰਦੀ ਹੈ ਕੁੱਝ ਬੰਦੇ ਇਕ ਵਿਦਵਾਨ ਨੂੰ ਫੜ੍ਹ ਕੇ ਲਿਆਉਂਦੇ ਹਨ ਤੇ ਅੱਜ ਦੇ ਮਹਾਤਮਾ ਅੱਗੇ ਪੇਸ਼ ਕਰਦੇ ਹਨ )

ਇੱਕ : ਜੀ ਇਹ ਉਹੀ ਵਿਦਵਾਨ ਏ । ਕਹਿੰਦੈ ਮੇਰੀ ਕਲਮ ਵਿੱਚ ਬੜੀ ਜਾਨ ਏ।

ਦੋ : ਇਹ ਉਹੀ ਬੰਦਾ ਏ ਜਿਹਨੇ ਤੁਹਾਡੇ ਖਿਲਾਫ਼ ਵੱਡੇ ਅਫ਼ਸਰ ਕੋਲ ਜਾ ਸ਼ਕੈਤ ਕੀਤੀ ਕਿ ਅੱਜ ਦੇ ਮਹਾਤਮਾ ਦੇ ਮੰਚ ਦੇ ਲਾਉਡ ਸਪੀਕਰ ਬੰਦ ਕਰਵਾ ਦਿਓ ।

ਅੱਜ ਦਾ ਮਹਾਤਮਾ : (ਭਾਰੀ ਅਵਾਜ਼ ਵਿੱਚ) ਓਏ ਇਹ ਗੁਸਤਾਖੀ ਤੂੰ ਕੀਤੀ ਏ ?

ਵਿਦਵਾਨ : ਮੈਂ ਕੋਈ ਗੁਸਤਾਖੀ ਨਹੀ ਕੀਤੀ , ਮੈਂ ਆਪਣੇ ਹੱਕ ਦੀ ਵਰਤੋ ਕੀਤੀ ਏ।

ਅੱਜ ਗਾ ਮਹਾਤਮਾ : ਕਿਹੜਾ ਹੱਕ , ਕੈਸਾ ਹੱਕ ?

ਵਿਦਵਾਨ : ਹਰ ਬੰਦੇ ਨੂੰ ਇਹ ਅਧਿਕਾਰ ਏ ਕਿ ਜੇ ਉਹਨੂੰ ਕੋਈ ਪਰੇਸ਼ਾਨ ਕਰਦੈ ਤਾਂ ਉਸ ਦੇ ਖਿਲਾਫ਼ ਆਵਾਜ਼ ਉਠਾ ਸਕਦੈ।

ਅੱਜ ਦਾ ਮਹਾਤਮਾ : ਤੇਰਾ ਅਸੀਂ ਕਿਹੜਾ ਸਿਰ ਪਾੜ੍ਹ ਦਿੱਤਾ ਏ ।

ਵਿਦਵਾਨ : ਹਾਂ ਤੁਹਾਡੇ ਲਾਉਡ ਸਪੀਕਰਾਂ ਦੀ ਆਵਾਜ਼ ਨੇ ਮੇਰੇ ਕੰਨ ਪਾੜ੍ਹ ਦਿੱਤੇ ਨੇ ।

ਅੱਜ ਦਾ ਮਹਾਤਮਾ : ਬੰਦਿਆਂ ਵਾਗੂੰ ਬੋਲ , ਬਕੜਵਾਹ ਨਾ ਕਰ ।

ਵਿਦਵਾਨ : ਮੈਂ ਜ਼ਿੰਦਗੀ ਵਿੱਚ ਕਦੇ ਬਕੜਵਾਹ ਨਹੀਂ ਕੀਤਾ । ਮੇਰੇ ਘਰ ਕੋਲ ਜਿਹੜੇ ਤੁਸੀਂ ਦੋ ਹਾਰਨ ਲਵਾਏ ਨੇ , ਉਹਨਾਂ ਹਾਰਨਾਂ ਦੀ ਤੇਜ ਤਰਾਰ ਕੰਨ ਪਾੜਵੀਂ ਅਵਾਜ਼ ਨੇ ਸਾਡਾ ਜੀਣਾ ਹਰਾਮ ਕਰ ਦਿੱਤੈ ।

ਇੱਕ : ਮਹਾਤਮਾ ਜੀ , ਇਸ ਬੰਦੇ ਨੇ ਵੱਡੇ ਅਫ਼ਸਰਾਂ ਕੋਲ ਜਾ ਕੇ ਦੁਹਾਈ ਪਾਈ ਮੈਨੂੰ ਮਰਨ ਤੋਂ ਬਚਾ ਲਉ ।



ਅੱਜ ਦਾ ਮਹਾਤਮਾ : ਇਹਨੇ ਜੀਅ ਕੇ ਕਿਹੜਾ ਦੁਨੀਆਂ ਤਾਰ ਦੇਣੀ ਏ।

ਵਿਦਵਾਨ : ਹਰ ਬੰਦੇ ਨੂੰ ਜੀਣ ਦਾ ਅਧਿਕਾਰ ਏ ।

ਅੱਜ ਦਾ ਮਹਾਤਮਾ : ਜੇ ਜ਼ਰੂਰ ਜੀਣ ਦੀ ਮਨਸ਼ਾ ਏ ਤਾਂ ਬੰਦਿਆਂ ਵਾਂਗੂ ਜੀਣਾ ਸਿੱਖ । ਨਹੀਂ ਤਾਂ ਤੈਨੂੰ ਪਾਠ ਪੜ੍ਹਾਉਣਾ ਈ ਪਵੇਗਾ ।

ਇੱਕ : ਹਾਂ ਮਹਾਤਮਾ ਜੀ , ਇਹ ਬੰਦਾ ਐਂ ਵੇਖਦਾ ਪਿਆ ਏ ਜਿਵੇਂ ਇਹਨੇ ਹੁਣੇ ਸਾਡੇ ਗਲ ਪੈ ਜਾਣੈਂ । ਜੀ , ਰਾਤ ਆਹ ਬੰਦਾ ਮੇਰੇ ਸੁਫਨੇ 'ਚ ਆ ਗਿਆ । ਇਹਨੇ ਨਾ ਆਹ ਪੁੱਛਿਆ ਨਾ ਔਹ ਪੁੱਛਿਆ। ਮੇਰੇ ਸਿਰ ਵਿੱਚ ਪੰਜ ਸੱਤ ਜੁੱਤੀਆਂ ਜੜ੍ਹ ਦਿੱਤੀਆਂ । ਇਹ ਮੈਨੂੰ ਛੱਡੇ ਈ ਨਾ । ਕਹਿੰਦੈ – ਹਿਸਾਬ ਕਿਤਾਬ ਬਰਾਬਰ ਕਰ ਕੇ ਈ ਛਡਾਂਗਾ । ਮੈਂ ਕਿਹਾ – ਕਸਾਈਆ ਛੱਡ ਦੇ ,ਪਰ ਇਹ ਕਹਿੰਦੈ..

ਅੱਜ ਦਾ ਮਹਾਤਮਾ : ਕੀ ਕਹਿੰਦੈ ?

ਇੱਕ : ਕਹਿੰਦੈ ਉਦੋਂ ਤਕੱ ਨਹੀ ਛੱਡਣਾ ਜਦੋਂ ਤੱਕ ਤੇਰੀ ਹੋਸ਼ ਨਹੀਂ ਟਿਕਾਣੇ ਆਉਂਦੀ । ਮੇਰਾ ਤਾਂ ਅਜੇ ਵੀ ਸਿਰ ਦੁੱਖ ਰਿਹੈ ।

ਦੋ : ਜੀ ਇੱਕ ਦਿਨ ਇਹੋ ਭਲਾਮਾਣਸ ਮੇਰੇ ਸੁਫਨੇ ਵਿੱਚ ਆ ਗਿਆ ਇਹਨੇ ਲਾਲ ਸੂਹੀਆਂ ਅੱਖਾਂ ਕੱਢ ਕੇ ਮੇਰੇ ਵੱਲ ਵੇਖਿਆ ਤਾਂ ਡਰ ਨਾਲ ਮੇਰਾ ਪਿਸ਼ਾਬ ਨਿਕਲ ਗਿਆ ।

ਅੱਜ ਦਾ ਮਹਾਤਮਾ : ਇਹ ਬੰਦਾ ਏ ਕਿ ਭੂਤ ?

ਦੋ : ਇਹ ਤਾਂ ਭੂਤ ਦਾ ਵੀ ਪਿਓ ਵੇ ।

ਵਿਦਵਾਨ : (ਗੁੱਸੇ ਵਿੱਚ ) ਭੂਤ ਤਾਂ ਤੁਸੀਂ ਹੋ ਤੁਸੀਂ ।

ਅੱਜ ਦਾ ਮਹਾਤਮਾ : (ਕੜਕ ਕੇ ) ਮੂਰਖਾ !

ਇੱਕ : ਇਹ ਪਾਗਲ ਏ ।

ਵਿਦਵਾਨ : ਹਾਂ ਹਾਂ ਮੈਂ ਪਾਗਲ ਹਾਂ । ਤੁਸੀਂ ਮੇਰੇ ਲਈਂ ਪਾਗਲ ਹੋ।

ਦੋ : ਇਹਨੂੰ ਤਤਕਾਲ ਪਾਗਲਖਾਨੇ ਲੈ ਜਾਈਏ , ਨਹੀਂ ਤਾਂ ਇਹਦੇ ਪਰਛਾਵੇਂ ਨਾਲ ਕਈ ਚੰਗੇ ਭਲੇ ਬੰਦੇ ਪਾਗਲ ਹੋ ਜਾਣਗੇ ।

ਅੱਜ ਦਾ ਮਹਾਤਮਾ : ਇਸ ਹਲਕਾਏ ਕੁੱਤੇ ਨੂੰ ਮੇਰੀਆਂ ਨਜ਼ਰਾਂ ਤੋਂ ਪਰੇ ਲੈ ਜਾਉ। ਇਹਨੂੰ ਫੜ੍ਹ ਕੇ ਘਸੀਟਦੇ ਘਸੀਟਦੇ ਉਸ ਸੁਧਾਰ ਕਰਨ ਵਾਲੇ ਕਮਰੇ ਵਿੱਚ ਲੈ ਜਾਓ ਤੇ ਆਪਣਾ ਪਾਠ ਪੜ੍ਹਾ ਦਿਓ ।

ਇੱਕ : ਘੋਟਣਾ ਫਿਰੇਗਾ ਤਾਂ ਫਤੂਰ ਨਿਕਲ ਜਾਵੇਗਾ ।

ਵਿਦਵਾਨ : ਤੁਸੀਂ ਜੋ ਮਰਜੀ ਕਰ ਲਉ ਪਰ ਮੇਰੀ ਜੁਬਾਨ ਬੰਦ ਨਹੀਂ ਕਰ ਸਕਦੇ ( ਦੋਵੇਂ ਇੱਕ ਅਤੇ ਦੋ ਵਿਦਵਾਨ ਨੂੰ ਫੜ੍ਹ ਕੇ ਲੈ ਜਾਂਦੇ ਹਨ, ਹੁਣ ਰੋਸ਼ਨੀ ਵਿਚਕਾਰਲੇ ਭਾਗ ਤੇ ਪੈਂਦੀ ਹੈ)

ਮਹਾਤਮਾ : ਇਹ ਪਾਪ ਏ..

ਚੇਲਾ : ਇਹਨਾਂ ਵਾਸਤੇ ਇਹੋ ਪੁੰਨ ਏ ।

ਮਹਾਤਮਾ : ਉਹਦੀ ਆਵਾਜ਼ ਵਿਚ ਦਮ ਸੀ , ਹਾਰਨਾਂ ਦੇ ਸ਼ੋਰ ਸ਼ਰਾਬੇ ਨਾਲ ਮਾਨਸਿਕ ਤੌਰ ਤੇ ਬੁਰੀ ਤਰ੍ਹਾਂ ਪੀੜਤ ਏ।

ਚੇਲਾ : ਪੀੜਤ ਏ, ਤਾਂ ਈ ਉਹਨੂੰ ਦਵਾਈ ਦੇਣ ਲੱਗੇ ਨੇ ਅੰਦਰ ।

ਮਹਾਤਮਾ : ਇਹ ਵੇਖ ਮੇਰਾ ਸਿਰ ਚੱਕਰ ਖਾਣ ਲੱਗ ਪਿਐ । ਮੇਰੀ ਦਵਾਈ ? ( ਜੇਬ ਚੋਂ ਦਵਾਈ ਕੱਢ ਕੇ ਮੂੰਹ ਵਿੱਚ ਸੁੱਟਦਾ ਹੈ ) ਕੀ ਬਣੂ ਇਹਨਾਂ ਲੋਕਾਂ ਦਾ ?

ਚੇਲਾ : ਉਪਰ ਵਾਲਾ ਜਾਣੇ (ਹਨੇਰਾ ਹੋ ਜਾਂਦਾ ਹੈ )
(ਰੋਸ਼ਨੀ ਭਾਗ ਨੰ . 2 ਤੇ ਪੈਂਦੀ ਹੈ )

ਅੱਜ ਦਾ ਮਹਾਤਮਾ : (ਇਕ ਨੂੰ ) ਕਿਤਾਬ ਲਿਖਣ ਵਾਲਾ ਦੋਸ਼ੀ ਪਹੁੰਚ ਗਿਆ ਏ ਕਿ ਨਹੀਂ?

ਇੱਕ : ਪਹੁੰਚ ਗਿਆ ਏ ਜੀ ।

ਅੱਜ ਦਾ ਮਹਾਤਮਾ : ਨੰਗੇ ਪੈਰੀਂ ਆਇਆ ਏ ?

ਇੱਕ : ਹਾਂ ਜੀ ।

ਅੱਜ ਦਾ ਮਹਾਤਮਾ : ਸਾਡੇ ਕੋਲ ਲਿਔਣ ਤੋਂ ਪਹਿਲਾਂ ਉਹਨੂੰ ਬਾਹਰ ਧੁੱਪੇ ਘੰਟਾ ਕੁ ਖੜ੍ਹਾ ਕਰਨਾ ਚਾਹੀਦਾ ਸੀ ? ਉਹਦੀ ਅਕਲ ਦੇ ਕੀੜੇ ਬੇਹੋਸ਼ ਹੋ ਜਾਂਦੇ ।

ਇੱਕ : ਮੈਂ ਕਿਹਾ ਜੀ ਉਹਨੂੰ ਅਸੀਂ ਦੋ ਘੰਟੇ ਧੁੱਪੇ ਖੜ੍ਹਾ ਕਰੀ ਰੱਖਿਆ ਤੇ ਉਹ ਬੇਹੋਸ਼ ਹੋ ਕੇ ਧੜੰਮ ਕਰ ਕੇ ਜਮੀਨ ਤੇ ਡਿੱਗ ਪਿਆ ।

ਅੱਜ ਦਾ ਮਹਾਤਮਾ : ( ਹੱਸਦਾ ਹੋਇਆ ) ਹਾ.. ਹਾ.. ਹਾ। ਉਹਦੀ ਮੂਰਤ ਖਿੱਚ ਲੈਣੀ ਸੀ ਜਦੋਂ ਉਹ ਧੁੱਪੇ ਖੜ੍ਹਾ ਸੀ ।

ਇੱਕ : ਅਸੀਂ ਤਾਂ ਉਹਦੀਆਂ ਪੰਜ ਮੂਰਤਾਂ ਖਿੱਚ ਲਈਆਂ ਨੇ। ਜਿਹੜੀ ਮੂਰਤ ਵੱਧ ਜੱਚੇਗੀ , ਉਹੀ ਦੁਨੀਆਂ ਨੂੰ ਵਿਖਾਵਾਂਗੇ ।



ਅੱਜ ਦਾ ਮਹਾਤਮਾ : ਨਿਕਲ ਗਿਐ ਉਹਦੇ ਵਾਲਾ ਕੰਡਾ ?

ਇੱਕ : ਹੁਣ ਤਾਂ ਉਹਨੇ ਮੂੰਹ ਬਣਾਇਐ ਭੋਲੂ ਕਾਕੇ ਵਰਗਾ ।

ਦੋ : ਜਿਵੇਂ ਕੱਖ ਨਹੀਂ ਜਾਣਦਾ ।

ਅੱਜ ਦਾ ਮਹਾਤਮਾ : ਮੁੜ ਕਲਮ ਨੂੰ ਫੜ੍ਹੇਗਾ ਕਿ ਨਹੀਂ ?

ਇੱਕ : ਉਹਦੀ ਕਲਮ ਨੂੰ ਅਸੀਂ ਖੁੰਡਾ ਕਰ ਕੇ ਈ ਛਡਾਂਗੇ ।

ਅੱਜ ਦੀ ਮਹਾਤਮਾ : ਉਹਨੂੰ ਪੇਸ਼ ਕੀਤਾ ਜਾਵੇ ।
(ਲੇਖਕ ਨੂੰ ਪੇਸ਼ ਕੀਤਾ ਜਾਂਦਾ ਹੈ ) ਉਏ ਸੁਣਾ, ਤੇਰਾ ਕੀ ਹਾਲ ਹੈ ?

ਲੇਖਕ : ਜੋ ਕੱਲ ਸੀ, ਉਹੀ ਅੱਜ ਏ ਤੇ ਸ਼ਾਇਦ ਕੱਲ ..

ਅੱਜ ਦਾ ਮਹਾਤਮਾ : ਕੱਲ੍ਹ ਨੂੰ ਕਿਹੜੀ ਪਰਲੋ ਆ ਜਾਵੇਗੀ । ਅੱਜ ਵੀ ਸਾਡੀ ਇੱਛਾ ਅਨੁਸਾਰ ਚੱਲ ਰਿਹੈ , ਕੱਲ੍ਹ ਵੀ ਇਵੇਂ ਹੀ ਚੱਲੇਗਾ । ਠੀਕ ਏ ਨਾ ?
(ਲੇਖਕ ਚੁੱਪ ਰਹਿੰਦਾ ਹੈ)
ਤੂੰ ਬੋਲਦਾ ਨਹੀਂ ਮੈਂ ਕੀ ਪੁੱਛਿਐ ?

ਲੇਖਕ : ਮੈਂ ਇਸ ਬਾਰੇ ਕੋਈ ਟਿੱਪਣੀ ਨਹੀਂ ਕਰਨਾ ਚਾਹੁੰਦਾ।

ਅੱਜ ਦਾ ਮਹਾਤਮਾ : ਹਾਂ, ਤੂੰ ਚੁੱਪ ਰਹਿ। ਇੱਕ ਚੁੱਪ ਸੌ ਸੁੱਖ। ਨਾਲੇ ਜੇ ਟਿੱਪਣੀ ਕਰਨ ਦਾ ਖਿਆਲ ਆਵੇ ਵੀ ਤਾਂ ਸਾਡੇ ਵੱਲ ਝਾਤੀ ਜ਼ਰੂਰ ਮਾਰ ਲਵੀਂ। ਕੀ ਕਹਿੰਦੈ?

ਲੇਖਕ : (ਜਾਣ ਬੁੱਝ ਕੇ) ਮੈਂ ਸਮਝਿਆ ਨਹੀਂ।

ਅੱਜ ਦਾ ਮਹਾਤਮਾ : ਹੁਣੇ ਸਮਝਾ ਦੇਂਦੇ ਆਂ (ਇੱਕ ਨੂੰ) ਇਹਦੇ ਹੱਥ ਪਿੱਛੇ ਬੰਨ ਦੇ।

ਲੇਖਕ : ਪਰ ਕਿਉਂ?

ਅੱਜ ਦਾ ਮਹਾਤਮਾ : ਕਦੇ ਨਾ ਕਹਿਣਾ ਕਿਉਂ। ਇਸ 'ਕਿਉਂ' ਤੋਂ ਸਾਰੇ ਪੰਗੇ ਸ਼ੁਰੂ ਹੁੰਦੇ ਨੇ ਇਸੇ ਕਰਕੇ ਤੇਰੇ ਪਾਪ ਧੌਣ ਲੱਗੇ ਆਂ।

ਲੇਖਕ : ਪਾਪ?

ਅੱਜ ਦਾ ਮਹਾਤਮਾ : ਉਹ ਘੋਰ ਪਾਪ ਜਿਹੜਾ ਤੇਰੀ ਅਵਾਰਾ ਕਲਮ ਨੇ ਕੀਤੈ। ਤੇਰੀ ਕਿਤਾਬ ਵਿੱਚ ਤੇਰੀ ਕਲਮ ਆਪ ਮੁਹਾਰੇ ਚਲਦੀ ਰਹੀ, ਜੋ ਮਨ 'ਚ ਆਇਆ ਊਟ ਪਟਾਂਗ ਲਿਖ ਦਿੱਤੈ।

ਇੱਕ : ਜੀ ਇਹਦੀ ਕਲਮ ਦੀ ਧਾਰ ਬੜ੍ਹੀ ਤੇਜ਼ ਏ। ਜਦੋਂ ਇਹਦੀ ਕਲਮ ਚਲਦੀ ਏ ਤਾਂ ਸਾਡੇ ਵਰਗੇ ਭੋਲੇ ਭਾਲੇ ਲੋਕਾਂ ਨੂੰ ਜ਼ਮੀਨ ਤੇ ਲਿਟਾ ਦੇਂਦੀ ਏ, ਸਮਝੋ ਮਾਰ ਈ ਦਿੰਦੀ ਏ।

ਦੋ : ਇਹੀ ਕਲਮ ਇੰਨੀ ਕਮਬਖਤ ਏ ਕਿ ਰਾਤ ਨੂੰ ਸੁੱਤਿਆਂ ਨੂੰ ਵੀ ਹੁੱਜਾਂ ਮਾਰਦੀ ਏ।

ਇੱਕ : ਇਹਨੇ ਕਿਤਾਬ ਵਿੱਚ ਬੜਾ ਕੁੱਝ ਇਸ ਤਰ੍ਹਾਂ ਦਾ ਲਿਖ ਮਾਰਿਆ ਜਿਹੜਾ ਸਿੱਧਾ ਸਾਡੀਆਂ ਜੜ੍ਹਾਂ ਨੂੰ ਪੈਂਦੈ। ਤੇ ਇਹਨੇ ਹਰ ਗੱਲ ਨੂੰ ਨਵੇਂ ਅਰਥ ਦਿੱਤੇ ਨੇ।

ਅੱਜ ਦਾ ਮਹਾਤਮਾ : ਤੂੰ ਵੱਡੇ ਮਹਾਤਮਾ ਜੀ ਬਾਰੇ ਵੀ ਬੜ੍ਹੇ ਭਰਮ ਭੁਲੇਖੇ ਪੈਦਾ ਕੀਤਾ ਨੇ। ਤੂੰ ਉਸ ਮਹਾਨ ਸਖਸ਼ ਦੀ ਸੋਚ ਨੂੰ ਤੋੜ ਮਰੋੜ ਕੇ ਪੇਸ਼ ਕੀਤੈ। ਇਸ ਤਰ੍ਹਾਂ ਤੂੰ ਇਸ ਮੰਚ ਨੂੰ ਸਥਾਪਿਤ ਕਰਨ ਵਾਲੇ ਮਹਾਤਮਾ ਦੇ ਅਕਸ ਨੂੰ ਭਾਰੀ ਢਾਹ ਲਾਈ ਏ।

ਲੇਖਕ : ਮੈਂ ਵੱਡੇ ਮਹਾਤਮਾ ਪ੍ਰਤੀ ਦਿਲੋਂ ਸ਼ਰਧਾ ਰੱਖਦਾ ਹਾਂ।

ਅੱਜ ਦਾ ਮਹਾਤਮਾ : (ਕੜ੍ਹਕਦੀ ਆਵਾਜ਼ ਵਿੱਚ) ਮੂੰਹ ਤੇ ਟੇਪ ਲਾ ਦਿਆਂਗੇ ਜੇ ਹੋਰ ਬਕਵਾਸ ਕੀਤਾ ਤਾਂ। ਸਹੁਰੀ ਦਾ ਬਾਂਦਰ ਵਰਗੀ ਬੂਥੀ ਬਣਾ ਕੇ ਸਾਨੂੰ ਟੋਕਦੈ। (ਇੱਕ ਅਤੇ ਦੋ ਨੂੰ) ਤੁਹਾਡਾ ਕੀ ਵਿਚਾਰ ਏ ਇਹਨੂੰ ਕਿਸ ਤਰ੍ਹਾਂ ਦੀ ਸਜਾ ਦਿੱਤੀ ਜਾਵੇ?

ਇੱਕ : ਇਹਨੂੰ ਬਰਾਦਰੀ ਵਿੱਚੋਂ ਛੇਕ ਦਿਓ, ਬਿਲਕੁੱਲ ਕੱਲਾ ਰਹਿ ਜਾਵੇਗਾ। ਸਾਰੇ ਲੋਕ ਇਹਦੇ ਨਾਲ ਰੋਟੀ ਬੇਟੀ ਦੀ ਸਾਂਝ ਖਤਮ ਕਰ ਦੇਣਗੇ।

ਦੋ : ਕੋਈ ਵੀ ਇਹਦਾ ਪਰਛਾਵਾਂ ਨਹੀਂ ਲਵੇਗਾ। ਆਪਣੇ ਘਰ ਕੱਲ੍ਹਾ ਈ ਡਮਰੂ ਵਜੌਂਦਾ ਫਿਰੇਗਾ।

ਇੱਕ : ਫਿਰ ਕੌਣ ਪੜ੍ਹੇਗਾ ਇਹਦੀ ਕਿਤਾਬ? ਕੋਈ ਵੀ ਨਹੀਂ।

ਦੋ : ਇਹਨੂੰ ਲੋਕਾਂ ਤੋਂ ਕੱਟ ਦਿਉ ਤਾਂ ਇਹ ਸਿਫ਼ਰ ਹੋ ਜਾਵੇਗਾ। ਕੱਲਾ ਹੀ ਕਰ ਲਵੇਗਾ?

ਇੱਕ : ਕੱਲਾ ਤਾਂ ਮਿਰਜਾ ਵੀ ਮਾਰਿਆ ਗਿਆ ਸੀ? (ਲੇਖਕ ਦੇ ਮਨ ਵਿੱਚ ਕਸ਼ਮਕਸ਼ ਸ਼ੁਰੂ ਹੋ ਜਾਂਦੀ ਹੈ ਕਿ ਉਹ ਇਹਨਾਂ ਦਾ ਸਾਹਮਣਾ ਕਰੇ ਜਾਂ ਫਿਰ ਹਾਲਾਤਾਂ ਅੱਗੇ ਝੁੱਕ ਜਾਵੇ)

ਮਜ਼ਬੂਤ ਆਵਾਜ਼ : ਤੇਰੇ ਨਾਲ ਘੋਰ ਬੇਇਨਸਾਫ਼ੀ ਹੋ ਰਹੀ ਏ। ਤੇਰੀ ਕਿਤਾਬ ਨੂੰ ਸਮਝਿਆ ਹੀ ਨਹੀਂ ਗਿਆ।

ਥਿੜਕਵੀਂ ਆਵਾਜ਼ : ਕੋਈ ਵੀ ਤੇਰਾ ਪਰਛਾਵਾਂ ਨਹੀਂ ਲਵੇਗਾ।

ਮਜ਼ਬੂਤ ਅਵਾਜ਼ : ਤੂੰ ਤਾਂ ਵੱਡੇ ਮਹਾਤਮਾ ਦੇ ਫਲਸਫ਼ੇ ਵਿਚਲੇ ਸੱਚ ਨੂੰ ਲੋਕਾਂ ਅੱਗੇ ਰੱਖਿਆ ਹੈ, ਤੂੰ ਕੋਈ ਅਪਰਾਧ ਨਹੀਂ ਕੀਤਾ।



ਥਿੜਕਵੀਂ ਆਵਾਜ਼ : ਇਕੱਲਾ ਤਾਂ ਮਿਰਜਾ ਵੀ ਮਾਰਿਆ ਗਿਆ ਸੀ।

ਮਜ਼ਬੂਤ ਆਵਾਜ਼ : ਇਹ ਕਲਮ ਦੀ ਤ੍ਰਾਸਦੀ ਹੋਵੇਗੀ। ਵੱਡੇ ਮਹਾਤਮਾ ਜੀ ਨੇ ਤਾਂ ਕਲਮ ਨੂੰ ਤਲਵਾਰ ਤੋਂ ਵੱਧ ਬਲਵਾਨ ਦੱਸਿਆ ਸੀ।

ਥਿਕੜਵੀਂ ਆਵਾਜ਼ : ਸਾਰੇ ਲੋਕ ਇਹਦੇ ਨਾਲ ਰੋਟੀ ਬੇਟੀ ਦੀ ਸਾਂਝ ਖਤਮ ਕਰ ਦੇਣਗੇ। (ਮਜ਼ਬੂਤ ਅਵਾਜ਼ ਥਿੜਕ ਜਾਂਦੀ ਹੈ) ਹਾਂ, ਸਮਾਂ ਟਾਲ। ਤੇਰੀ ਤਾਂ ਬੇਟੀ ਵੀ ਜਵਾਨ ਹੋਈ ਏ। ਕੱਲ੍ਹ ਨੂੰ ਉਹਦਾ ਵਿਆਹ ਵੀ ਕਰਨੈ। ਤੇਰੀ ਕਲਮ ਦੀ ਧਾਰ ਤੇਰੀ ਬੱਚੀ ਦੀਆਂ ਖੁਸ਼ੀਆਂ ਨੂੰ ਖਤਮ ਨਾ ਕਰ ਦੇਵੇ... ਉਹਦਾ ਕੀ ਕਸੂਰ ਏ?
ਤੂੰ ਆਪ ਤਾਂ ਇਹਨਾਂ ਲੋਕਾਂ ਦੀ ਮਾਰ ਝੱਲ ਲਵੇਂਗਾ ਪਰ ਤੇਰੀ ਬੇਟੀ ਕਿਉਂ......
(ਲੇਖਕ ਝੁੱਕ ਜਾਣ ਵਾਲੀ ਸਥਿਤੀ ਵਿੱਚ ਆ ਜਾਂਦੀ ਹੈ)

ਅੱਜ ਦਾ ਮਹਾਤਮਾ : ਬੋਲ ਤੇਰੀ ਕੀ ਸਲਾਹ ਏ? ਭੁੱਲ ਬਖਸ਼ੌਣ ਦਾ ਖਿਆਲ ਏ ਜਾਂ ਫਿਰ ਬਗਾਵਤ ਕਰਨੀ ਏ?

ਲੇਖਕ : (ਹੌਲੀ ਜਿਹੇ) ਇਸ ਮੰਚ ਦੇ ਸਾਹਮਣੇ ਮੇਰਾ ਸਿਰ ਝੁੱਕਿਐ, ਮੈਂ ਸਜ਼ਾ ਕਬੂਲ ਕਰ ਲਵਾਂਗਾ।

ਅੱਜ ਦਾ ਮਹਾਤਮਾ : ਹੁਣ ਪਿਐ ਇਸਦੀ ਖੋਪੜੀ ਵਿੱਚ ਅਕਲ ਦਾ ਤੁਪਕਾ (ਇੱਕ ਨੂੰ) ਇਹਨੂੰ ਵੱਡਾ ਝਾੜੂ ਫੜ੍ਹਾ ਦਿਓ। ਇਹਨੂੰ ਕਹੋ ਸਾਰਾ ਵਿਹੜਾ ਸਾਫ਼ ਕਰਕੇ, ਹੱਥ ਮੂੰਹ ਧੋ ਕੇ ਸਾਡੇ ਪਾਸੇ ਫਿਰ ਹਾਜ਼ਰ ਹੋਵੇ। (ਹੱਸਦਾ ਹੈ) ਹਾ...ਹਾ...ਹਾ।
(ਇੱਕ, ਲੇਖਕ ਨੂੰ ਲੈ ਜਾਂਦਾ ਹੈ, ਹੁਣ ਰੋਸ਼ਨੀ ਵਿਚਕਾਰਲੇ ਭਾਗ ਤੇ ਪੈਂਦੀ ਹੈ)

ਮਹਾਤਮਾ : ਇਹ ਲੇਖਕ ਇੰਨਾ ਮਾੜਕੂ ਜਿਹਾ ਕਿਉਂ ਏ?

ਚੇਲਾ : ਇਹਦਾ ਖੂਨ ਪੀ ਲਿਐ ਇਨ੍ਹਾਂ ਲੋਕਾਂ ਨੇ। ਅੱਜ ਦੇ ਮਹਾਤਮਾ ਲੋਕ ਨਹੀਂ ਚਾਹੁੰਦੇ ਕਿ ਲੋਕ ਇਨ੍ਹਾਂ ਦੀ ਆਵਾਜ਼ ਸੁਨਣ, ਨਹੀਂ ਤਾਂ ਇਕ ਕ੍ਰਾਂਤੀ ਆ ਜਾਵੇਗੀ ਤੇ ਮੰਚ ਤੇ ਕਾਬਜ਼ ਲੋਕਾਂ ਦਾ ਬੋਰੀ ਬਿਸਤਰਾ ਗੋਲ ਹੋ ਜਾਵੇਗਾ।

ਮਹਾਤਮਾ : ਮੈਂ ਆਪਣੇ ਜੀਂਦੇ ਜੀਅ ਲੇਖਕਾਂ ਨੂੰ ਪੂਰਾ ਸਤਿਕਾਰ ਦਿੰਦਾ ਰਿਹਾਂ ਤੇ ਹਰ ਮਸਲੇ ਤੇ ਇਨ੍ਹਾਂ ਦੀ ਸਲਾਹ

ਲੈਂਦਾ ਰਿਹਾਂ। ਲੇਖਕ ਤਾਂ ਕੌਮ ਦੀ ਜ਼ਿੰਦਜਾਨ ਹੁੰਦੇ ਨੇ।

**ਚੇਲਾ** : ਅੱਜ ਅੱਖੀਂ ਵੇਖ ਈ ਲਿਐ ਇੱਕ ਲੇਖਕ ਨੂੰ ਉਹਦੀ ਪੁਸਤਕ ਦਾ ਢੁੱਕਵਾਂ ਸਨਮਾਨ ਮਿਲ ਰਿਹੈ।

**ਮਹਾਤਮਾ** : ਉਹਦੀ ਪੁਸਤਕ ਵਿੱਚੋਂ ਚਾਨਣ ਦੀਆਂ ਕਿਰਨਾਂ ਨਿਕਲਦੀਆਂ ਨੇ ਜੋ ਸਾਰੇ ਵਾਤਾਵਰਣ ਨੂੰ ਰੁਸ਼ਨਾਉਂਦੀਆਂ ਨੇ। ਲੋਕਾਂ ਨੂੰ ਉਨ੍ਹਾਂ ਦੀ ਅਸਲ ਮੰਜ਼ਿਲ ਵੱਲ ਮੋੜਦੀਆਂ ਨੇ।

**ਚੇਲਾ** : ਇਹੋ ਤਾਂ ਇਸ ਪੁਸਤਕ ਦਾ ਕਸੂਰ ਏ। ਇਸ ਪੁਸਤਕ ਵਿੱਚ ਜਿੰਨਾਂ ਜ਼ਿਆਦਾ ਸੱਚ ਏ, ਇਸ ਪੁਸਤਕ ਦਾ ਦੋਸ਼ ਓਨਾ ਹੀ ਵੱਧ ਏ।

**ਮਹਾਤਮਾ** : ਫਿਰ ਤਾਂ ਇਸ ਕਾਲੀ ਬੋਲੀ ਰਾਤ ਦੀ ਉਮਰ ਵਧਦੀ ਜਾਵੇਗੀ।

**ਚੇਲਾ** : ਉਹ ਤਾਂ ਹੈ ਈ। ਉਹ ਵੇਖੋ ਲੇਖਕ ਸਿਰ ਜਿਹੜੀ ਸਜ਼ਾ ਲਾਈ ਸੀ, ਉਹ ਸਜਾ ਭੁਗਤ ਕੇ ਅੱਜ ਦੇ ਮਹਾਤਮਾ ਕੋਲ ਪੇਸ਼ ਹੋ ਰਿਹੈ। (ਰੋਸ਼ਨੀ ਭਾਗ ਨੰ. 2 ਤੇ ਪੈਂਦੀ ਹੈ)

**ਅੱਜ ਦਾ ਮਹਾਤਮਾ** : ਤੇਰੇ ਪਾਪ ਇੱਕ ਵਾਰ ਤਾਂ ਧੁੱਪ ਗਏ। ਅੱਜ ਤੋਂ ਬਾਅਦ ਡੰਗ ਜਾਂ ਚੋਭ ਦੀ ਵਰਤੋਂ ਕੀਤੀ ਤਾਂ ਮੁੜ ਮਾਫ਼ੀ ਨਹੀਂ ਮਿਲਣੀ। ਕੀ ਕਹਿੰਦੈ?

**ਲੇਖਕ** : ਜੀ

**ਅੱਜ ਦਾ ਮਹਾਤਮਾ** : ਆਸਤਿਕ ਬਣੋ। ਮਹਾਤਮਾ ਲੋਕਾਂ ਦੀ ਮਹਿਮਾ ਗਾਓ।

**ਲੇਖਕ** : ਮੈਂ ਜਾਵਾਂ?

**ਅੱਜ ਦਾ ਮਹਾਤਮਾ** : ਸਾਡੇ ਪਾਸ ਤੇਰਾ ਦਿਲ ਨਹੀਂ ਲਗਦਾ। ਇਸ ਤਰ੍ਹਾਂ ਲਗਦੈ ਤੂੰ ਆਪਣੇ ਅੰਦਰ ਕੁੱਝ ਛਿਪਾ ਕੇ ਬੈਠੈਂ।

**ਲੇਖਕ** : ਜੀ ਨਹੀਂ

**ਇੱਕ** : (ਲੇਖਕ ਨੂੰ) ਸੋਚ ਕੇ ਕਲਮ ਚਲਾਵੀਂ। ਚਾੜ੍ਹ ਦਿੱਤਾ ਚੰਨ ਤੇਰੀ ਕਲਮ ਨੇ।

(ਅੱਜ ਦਾ ਮਹਾਤਮਾ, ਇੱਕ ਅਤੇ ਦੋ ਹੱਸਦੇ ਹਨ। ਆਪਣਾ ਮਖੌਲ ਉਡਦਾ ਵੇਖ ਲੇਖਕ ਆਪਣੀ ਬੁਜ਼ਦਿਲੀ ਨੂੰ ਕੋਸਦਾ ਹੈ। ਉਹਦੇ ਚਿਹਰੇ ਉਪਰ ਫੈਸਲਾਕੁੰਨ ਲੜਾਈ ਲੜਣ ਦੇ ਚਿੰਨ੍ਹ ਸਾਫ਼ ਵਿਖਾਈ ਦਿੰਦੇ ਹਨ)



**ਅੱਜ ਦਾ ਮਹਾਤਮਾ** : ਤੂੰ ਗਿਆ ਨਹੀਂ?

**ਲੇਖਕ** : ਮੈਨੂੰ ਮੇਰੇ ਪ੍ਰਸ਼ਨ ਦਾ ਜਵਾਬ ਚਾਹੀਦੈ।

**ਅੱਜ ਦਾ ਮਹਾਤਮਾ** : (ਭੜਕ ਕੇ) ਕਿਹੜਾ ਪ੍ਰਸ਼ਨ?

**ਲੇਖਕ** : ਮੇਰੀ ਕਿਤਾਬ ਵਿੱਚ ਇਤਰਾਜ਼ਯੋਗ ਅੰਸ਼ ਕਿਹੜੇ ਨੇ?

**ਅੱਜ ਦਾ ਮਹਾਤਮਾ** : ਤੈਨੂੰ ਨਹੀਂ ਪਤਾ?

**ਲੇਖਕ** : ਜੇ ਪਤਾ ਹੁੰਦਾ ਤਾਂ ਲਿਖਦਾ ਹੀ ਕਿਉਂ।

**ਅੱਜ ਦਾ ਮਹਾਤਮਾ** : ਸਹੁਰਾ ਮਤਲਬ ਦਾ। ਚੁੱਪ ਕਰਕੇ ਦਫ਼ਾ ਹੋ ਜਾ, ਨਹੀਂ ਤਾਂ....?

**ਲੇਖਕ** : ਨਹੀਂ ਤਾਂ ਕੀ?

**ਅੱਜ ਦਾ ਮਹਾਤਮਾ** : ਬਰਾਦਰੀ ਵਿਚੋਂ ਛੇਕ ਦੇਵਾਂਗਾ।

**ਲੇਖਕ** : ਮੈਨੂੰ ਹੁਣ ਕੋਈ ਪ੍ਰਵਾਹ ਨਹੀਂ। ਆਖਰਕਾਰ ਕਿਸੇ ਨੂੰ ਤਾਂ ਬਲੀਦਾਨ ਦੇਣਾ ਈ ਪਵੇਗਾ। ਮੈਂ ਬਲੀਦਾਨ ਦੇਵਾਂਗਾ, ਤੁਹਾਡੇ ਕਾਲੇ ਕਾਰਨਾਮਿਆਂ ਉਪਰ ਰੋਸ਼ਨੀ ਪਾਵਾਂਗਾ ਤਾਂ ਜੋ ਆਉਣ ਵਾਲੇ ਸਮੇਂ ਵਿੱਚ ਅੰਧਕਾਰ ਦਾ ਖਾਤਮਾ ਹੋ ਸਕੇ। (ਲੇਖਕ ਕਹਿੰਦਾ ਹੋਇਆ ਚਲਾ ਜਾਂਦਾ ਹੈ)

**ਅੱਜ ਦਾ ਮਹਾਤਮਾ** : ਹਰ ਕੋਈ ਸਾਲਾ ਲੱਲੀ ਛੱਲੀ ਆਪਣੇ ਆਪ ਨੂੰ ਵਿਦਵਾਨ ਸਮਝੀ ਬੈਠੇ। ਜਿਹੜਾ ਸਾਲਾ ਚਾਰ ਕੁ ਅੱਖਰ ਪੜ੍ਹ ਲੈਂਦੈ, ਉਹ ਆਪਣੀਆਂ ਤੋਪਾਂ ਦਾ ਮੂੰਹ ਸਾਡੇ ਵੱਲ ਈ ਕਰ ਲੈਂਦੈ। (ਰੋਸ਼ਨੀ ਵਿਚਕਾਰਲੇ ਭਾਗ ਤੇ ਪੈਂਦੀ ਹੈ)

(ਵਿਚਕਾਰਲੇ ਭਾਗ ਦੇ ਸੱਜੇ ਪਾਸੇ ਤੋਂ ਸ਼ੋਰ ਸ਼ਰਾਬਾ ਸੁਣਾਈ ਦਿੰਦਾ ਹੈ)

**ਮਹਾਤਮਾ** : ਇਹ ਰੌਲਾ ਕਿਸ ਤਰ੍ਹਾਂ ਦਾ ਏ? ਇਹ ਤਾਂ ਸਿਰ ਵਿੱਚ ਵੜ੍ਹਦਾ ਜਾ ਰਿਹੈ?

**ਚੇਲਾ** : ਇਹ ਗੀਤ ਗੌਣ ਵਾਲਿਆਂ ਦੀ ਇੱਕ ਟੋਲੀ ਏ। ਇੱਕ ਗਾਇਕ ਗਾ ਰਿਹੈ ਤੇ ਦੂਜੇ ਲੋਕ ਉਹਦਾ ਸਾਥ ਦੇ ਰਹੇ ਨੇ।

**ਮਹਾਤਮਾ** : ਇਹ ਅਵਾਜ਼ਾਂ ਬੜੀ ਕੁਰੱਖਤ ਨੇ?

**ਚੇਲਾ** : ਗਾਇਕੀ ਦਾ ਮੁਹਾਂਦਰਾ ਹੀ ਬਦਲ ਗਿਆ ਏ। ਇਹ ਲੋਕ ਇਸ ਤਰ੍ਹਾਂ ਗੋਂਦੇ ਨੇ ਜਿਵੇਂ ਮੱਕੀ ਦੇ ਖੇਤ ਵਿਚੋਂ ਕਾਂ ਉਡਾ ਰਹੇ ਹੋਣ।

**ਮਹਾਮਤਾ** : ਇਹ ਤਾਂ ਸਟੇਜ ਤੇ ਦੌੜੇ ਫਿਰਦੇ ਨੇ?

**ਚੇਲਾ** : ਇਹ ਨੱਚਦੇ ਟੱਪਦੇ ਹੀ ਗਾ ਸਕਦੇ ਨੇ। ਉਹ ਵੇਖੋ ਜਰਾ ਇਨ੍ਹਾਂ ਦੇ ਕਮਾਲਾਂ ਕਰਦੇ ਕਰਤਬ।(ਰੋਸ਼ਨੀ ਭਾਗ ਨੰ. 3 ਤੇ ਪੈਂਦੀ ਹੈ)

**ਗਾਇਕ** : ਤੂੰ ਪੜ੍ਹਾਈ ਛੱਡ ਕਿਉਂ ਘਰ ਬਹਿ ਗਈ, ਕੀ ਹੋਇਆ ਹੋ ਗਈ ਫੇਲ੍ਹ ਹੀਰੇ।

**ਬਾਕੀ** : ਕੀ ਹੋਇਆ ਹੋ ਗਈ ਫੇਲ੍ਹ ਹੀਰੇ।

**ਗਾਇਕ** : ਕਿਤਾਬਾਂ ਫੜ੍ਹ ਆ ਜਾ ਨੀਂ।
ਸੜਕਾਂ ਤੇ ਰੋਣਕ ਲਾ ਜਾ ਨੀਂ।

**ਬਾਕੀ** : ਬੱਲੇ ਬੱਲੇ, ਸ਼ਾਵਾ, ਨਹੀਂ ਰੀਸਾਂ। ਹੁ... ਰੁ....ਰ

**ਗਾਇਕ** : ਸੱਸ ਮੇਰੀ ਨੇ ਮੁੰਡੇ ਜੰਮੇ, ਮੁੰਡੇ ਜੰਮੇ ਦਿੱਤੇ ਬਾਰਾਂ। ਪੱਪੂ, ਬਿੱਟੂ ਸਾਰੇ ਖੇਡਣ, ਆ ਗਈਆਂ ਬਹਾਰਾਂ।

**ਬਾਕੀ** : ਆ ਗਈਆਂ ਬਹਾਰਾਂ
ਸ਼ਾਵਾਂ ਆ ਗਈਆਂ ਬਹਾਰਾਂ
ਬੱਲੇ ਬੱਲੇ ਸ਼ੁ....ਰ....ਰ (ਰੋਸ਼ਨੀ ਵਿਚਕਾਰਲੇ ਭਾਗ ਤੇ ਪੈਂਦੀ ਹੈ।)

**ਚੇਲਾ** : ਇਨ੍ਹਾਂ ਤਾਂ ਨੱਚ ਨੱਚ ਧਰਤੀ ਪੁੱਟ ਦਿੱਤੀ ਏ।

**ਮਹਾਤਮਾ** : ਮੈਂ ਇਨ੍ਹਾਂ ਸਾਰਿਆਂ ਨੂੰ ਪਛਾਣ ਲਿਐ।

**ਚੇਲਾ** : ਇਹ ਕੌਣ ਨੇ?

**ਮਹਾਤਮਾ** : ਪਿਛਲੇ ਜਨਮ ਵਿੱਚ ਇਹ ਸਾਰੇ ਜੰਗਲੀ ਜਾਨਵਰ ਸਨ। ਜੰਗਲ ਕੱਟੇ ਗਏ, ਜਾਨਵਰ ਮਾਰੇ ਗਏ ਅਤੇ ਉਹ ਮਾਰੇ ਗਏ ਜਾਨਵਰਾਂ ਦੀ ਰੂਹ ਨੂੰ ਆਦਮਜਾਤ ਦੇ ਸਰੀਰ ਮਿਲ ਗਏ। ਇਹ ਲੋਕ ਬੇਸ਼ੱਕ ਆਦਮੀ ਬਣ ਗਏ ਪਰ ਜੰਗਲਾਂ ਵਿੱਚ ਦੌੜਣ, ਭੱਜਣ, ਨੱਚਣ, ਦੀ ਪੁਰਾਣੀ ਆਦਤ ਨੂੰ ਭੁੱਲ ਨਹੀਂ ਸਕੇ ਪਰ ਮੈਂ ਹੈਰਾਨ ਹਾਂ ਅੱਜ ਦੇ ਮਹਾਤਮਾ ਸੱਚੀ ਸੱਚੀ ਗੱਲ ਕਹਿਣ ਵਾਲੇ ਲੇਖਕ ਨੂੰ ਤਾਂ ਬਰਾਦਰੀ ਵਿਚੋਂ ਛੇਕਣ ਵਾਸਤੇ ਆਦੇਸ਼ ਪੱਤਰ ਜਾਰੀ ਕਰ ਦਿੰਦੇ ਨੇ ਪਰ ਉਹ ਇਨ੍ਹਾਂ ਲੱਚਰ ਗਾਇਕੀ ਗਾਉਣ ਵਾਲਿਆਂ ਵਿਰੁੱਧ ਕਾਰਵਾਈ ਕਿਉਂ ਨਹੀਂ ਕਰਦੇ?

**ਚੇਲਾ** : ਉਹ ਕਾਰਵਾਈ ਕਰ ਵੀ ਲੈਣ। ਇਨ੍ਹਾਂ ਗਾਉਣ ਵਾਲਿਆਂ ਨੇ ਉਨ੍ਹਾਂ ਦੇ ਆਦੇਸ਼ ਪੱਤਰ ਨੂੰ ਰੱਦੀ ਦੀ



ਟੋਕਰੀ ਵਿੱਚ ਸੁੱਟੇ ਦੇਣੈਂ। ਤੁਸੀਂ ਇਨ੍ਹਾਂ ਨੂੰ ਛੱਡੋ ਤੇ ਵੇਖੋ ਅੱਜ ਦੇ ਮਹਾਤਮਾ ਦੇ ਮੰਚ ਵੱਲ (ਭਾਗ ਨੰ. 2 ਵੱਲ ਵੇਖਦੇ ਹਨ)

**ਮਹਾਤਮਾ** : ਇਹ ਕੀ ਹੋ ਰਿਹੈ?

**ਚੇਲਾ** : ਦੋਵੇਂ ਭਾਰੇ ਸਰੀਰਾਂ ਵਾਲੇ ਵਰਜਿਸ਼ ਕਰ ਰਹੇ ਨੇ। ਜੇ ਇਹ ਵਰਜਿਸ਼ ਨਾ ਕਰਨ ਤਾਂ ਇਨ੍ਹਾਂ ਨੂੰ ਭੁੱਖ ਨਹੀਂ ਲੱਗਦੀ।

**ਮਹਾਤਮਾ** : ਇਹ ਤਾਂ ਇੱਕ ਦੂਸਰੇ ਨੂੰ ਠਿੱਬੀ ਲਾ ਰਹੇ ਨੇ, ਇਹ ਤਾਂ ਲੜਾਈ ਕਰ ਰਹੇ ਜਾਪਦੇ ਨੇ।

**ਚੇਲਾ** : ਇੱਥੇ ਰੋਜ਼ ਲੜਾਈ ਹੁੰਦੀ ਏ, ਸੱਤਾ ਦੀ ਲੜਾਈ। ਇਨ੍ਹਾਂ ਦੀ ਲੜਾਈ ਆਏ ਦਿਨ ਨਵੇਂ ਹੀ ਚੰਨ ਚਾੜ੍ਹਦੀ ਏ। (ਰੋਸ਼ਨੀ ਭਾਗ ਨੰ. 2 ਤੇ ਪੈਂਦੀ ਹੈ, ਦੋ ਮਹਾਤਮਾ ਲੜ ਰਹੇ ਹਨ)

**ਅੱਜ ਦਾ ਮਹਾਤਮਾ** : ਮੈਂ ਸਰਵ ਉਚ ਮੰਚ ਤੇ ਹਾਂ। ਇਸ ਮੰਚ ਤੋਂ ਜੋ ਵੀ ਫੁਰਮਾਨ ਜਾਰੀ ਹੋਵੇਗਾ, ਉਸ ਤੇ ਕੋਈ ਕਿੰਤੂ ਪਰੰਤੂ ਕਰ ਹੀ ਨਹੀਂ ਸਕਦਾ। ਬਾਕੀ ਸਾਰੇ ਮੰਚ ਇਸ ਮੰਚ ਤੋਂ ਨੀਵੇਂ ਨੇ।

**ਇੱਕ** : ਹਾਂ, ਇਸ ਮੰਚ ਤੋਂ ਰੱਬੀ ਆਦੇਸ਼ ਜਾਰੀ ਹੁੰਦੇ ਨੇ।

**ਦੂਜਾ ਮਹਾਤਮਾ** : ਅਸੀਂ ਰੱਬ ਦੇ ਸੱਚੇ ਮਹਾਤਮਾਂ ਹਾਂ। ਪਰ ਇਸ ਮਹਾਤਮਾ ਨੇ ਇਸ ਮੰਚ ਨੂੰ ਨਿੱਜੀ ਕਿੜ੍ਹਾਂ ਕੱਢਣ ਦਾ ਅੱਡਾ ਬਣਾ ਲਿਐ ਤੇ ਮੰਚ ਦੀ ਮਹੱਤਤਾ ਨੂੰ ਮਿੱਟੀ ਵਿੱਚ ਮਿਲਾ ਦਿੱਤੈ।

**ਦੋ** : ਹਾਂ, ਇਹ ਮੰਚ ਦੀ ਪਰੰਪਰਾ ਦੀ ਘੋਰ ਅਵੱਗਿਆ ਏ।

**ਇੱਕ (ਦੋ ਨੂੰ)** : ਤੂੰ ਦੂਜੇ ਮਹਾਤਮਾ ਤੋਂ ਇਸ ਮੰਚ ਨੂੰ ਨੀਵਾਂ ਵਿਖਾ ਕੇ ਆਪਣਾ ਰਾਹ ਪੱਧਰਾ ਕਰ ਰਿਹੈਂ।

**ਦੋ (ਇੱਕ ਨੂੰ)** : ਤੂੰ ਇਸ ਮੰਚ ਨੂੰ ਆਪਣੇ ਸਵਾਰਥ ਲਈ ਵਰਤ ਕੇ ਹਾਕਮ ਬਣਨਾ ਚਾਹੁੰਦਾ ਏਂ।

**ਇੱਕ** : ਤੂੰ ਸੱਤਾ ਹਾਸਲ ਕਰਨ ਲਈ ਕੁਝ ਵੀ ਕਰ ਸਕਦੈਂ। ਤੂੰ ਲੋਕਾਂ ਦੀਆਂ ਅੱਖਾਂ ਵਿੱਚ ਘੱਟਾ ਪਾ ਰਿਹੈ ਕੁਰਸੀ ਖਾਤਰ।

**ਦੋ** : ਤੂੰ ਇਸ ਮੰਚ ਨੂੰ ਢਾਲ ਬਣਾ ਕੇ ਵਰਤ ਰਿਹੈਂ।

**ਇੱਕ** : ਤੂੰ ਦਿਲੋਂ ਨਾਸਤਿਕ ਏ ਪਰ ਇਹ ਵਰਦੀ ਪਾ ਕੇ ਭਰਮ ਭੁਲੇਖੇ ਪੈਦਾ ਕਰ ਰਿਹੈਂ ਪਰ ਲੋਕ ਤੇਰੀ ਇਸ ਵਰਦੀ ਨੂੰ ਲਾਹ ਸੁੱਟਣਗੇ।

**ਦੋ** : ਤੂੰ ਸਮੇਂ ਸਮੇਂ ਤੇ ਵਰਦੀ ਬਦਲਦਾ ਰਿਹੈਂ। ਉਪਰੋਂ ਭੋਲਾ ਵਿੱਚੋਂ ਬਿੱਛੂ।

**ਇੱਕ** : ਤੂੰ ਰੋਜ਼ ਸ਼ਰਾਬ ਪੀਂਦਾ ਏਂ।

**ਦੋ** : ਤੂੰ ਰੋਜ਼ ਕਿਰਤੀਆਂ ਦਾ ਖ਼ੂਨ ਪੀਂਦਾ ਏਂ।

**ਇੱਕ** : ਮੈਂ ਅੱਜ ਦੇ ਮਹਾਤਮਾ ਦਾ ਸਭ ਤੋਂ ਵੱਡਾ ਭਗਤ ਆਂ। ਜੋ ਆਦੇਸ਼ ਦੇਣਗੇ, ਉਹਦੇ ਤੇ ਫੁੱਲ ਚੜ੍ਹਾਵਾਂਗਾ।

**ਦੋ** : ਮੈਂ ਦੂਜੇ ਮਹਾਤਮਾ ਦਾ ਸੱਚਾ ਸੇਵਕ ਆਂ। ਜੇ ਉਹ ਮੇਰਾ ਸਿਰ ਵੀ ਮੰਗਣ ਤਾਂ ਸਿਰ ਕੁਰਬਾਨ ਕਰ ਦਿਆਂਗਾ। (ਰੌਲਾ ਰੱਪਾ ਹੋਰ ਤੇਜ਼ ਹੋ ਜਾਂਦਾ ਹੈ)

**ਇੱਕ** : ਮੇਰਾ ਮਹਾਤਮਾ ਵੱਡਾ ਏ। ਮੇਰਾ ਮਹਾਤਮਾ ਜਿਧਰ ਮੁੱਖ ਕਰਦੈ, ਹਵਾ ਦਾ ਰੁੱਖ ਨਾਲ ਹੀ ਮੋੜ ਲੈਂਦੈ।

**ਦੋ** : ਮੇਰਾ ਮਹਾਤਮਾ ਜਿਧਰ ਜਾਂਦੈ, ਲਹਿਰਾਂ ਬਹਿਰਾਂ ਲੱਗ ਜਾਂਦੀਆਂ ਨੇ।

**ਇੱਕ** : ਤੂੰ ਲੋਕਾਂ ਨੂੰ ਗੁੰਮਰਾਹ ਕਰ ਰਿਹੈਂ। ਮੇਰਾ ਮਹਾਤਮਾ ਉੱਚਾ ਤੇ ਸੁੱਚਾ ਏ, ਇਸ ਲਈ ਲੋਕਾਂ ਉਪਰ ਰਾਜ ਕਰਨ ਦਾ ਅਧਿਕਾਰ ਸਿਰਫ ਮੇਰਾ ਏ।

**ਦੋ** : ਤੇਰਾ ਮਹਾਤਮਾ ਉਪਰੋਂ ਵੇਖਣ ਨੂੰ ਸੁੱਚਾ ਏ ਪਰ ਅੰਦਰੋਂ ਨਿਰਾ ਈ ਲੁੱਚਾ ਏ ਪਰ ਮੇਰਾ ਮਹਾਤਮਾ ਅੰਦਰੋਂ ਬਾਹਰੋਂ ਇੱਕ ਏ। ਇਸ ਲਈ ਲੋਕਾਂ ਉਪਰ ਰਾਜ ਕਰਨ ਦਾ ਅਧਿਕਾਰ ਸਿਰਫ਼ ਤੇ ਸਿਰਫ਼ ਮੇਰਾ ਏ।

**ਇੱਕ** : ਲੋਕੋ! ਇਹ ਬੰਦਾ ਦੇਸ਼ ਧਰੋਹੀ ਏ। ਜੇ ਇਹਨੂੰ ਤਖ਼ਤ ਤੇ ਬਿਠਾ ਦਿੱਤਾ ਤਾਂ ਇਹ ਦੇਸ਼ ਨੂੰ ਗਹਿਣੇ ਪਾ ਦੇਵੇਗਾ।

**ਦੋ** : ਇਹ ਬੰਦਾ ਚੌਵੀ ਘੰਟੇ ਮਣ ਮਣ ਦੀ ਗੱਪ ਛੱਡਦਾ ਏ, ਕੁਫਰ ਤੋਲਦਾ ਏ। ਰੱਬ ਨਾ ਕਰੇ ਜੇ ਇਹਦਾ ਰਾਜ ਆ ਗਿਆ ਤਾਂ ਲੋਕ ਕੰਗਾਲ ਹੋ ਜਾਣਗੇ, ਦੇਸ਼ ਵਿੱਚ ਕਾਲ ਪੈ ਜਾਵੇਗਾ। ਲੋਕਾਂ ਕੋਲ ਪਹਿਨਣ ਲਈ ਕਪੜੇ ਨਹੀਂ ਹੋਣਗੇ। ਫਿਰ ਲੁੱਚੇ ਲਫੰਗੇ ਰਾਜ ਕਰਨਗੇ, ਧਰਮ ਦਾ ਨਾਸ਼ ਹੋਵੇਗਾ ਤੇ ਲੋਕਾਂ ਦਾ ਸਰਵਨਾਸ਼।



**ਇੱਕ** : ਇਹ ਬੰਦਾ ਤਾਕਤ ਵਿੱਚ ਆ ਗਿਆ ਤਾਂ ਫਿਰਕੂ ਅੱਗ ਲੱਗ ਜਾਵੇਗੀ। ਸਾਰ ਧਰਮੀ ਲੋਕ ਫਿਰਕੂ ਅੱਗ ਵਿੱਚ ਸਾੜ੍ਹ ਦਿੱਤੇ ਜਾਣਗੇ।

**ਦੋ** : ਇਹ ਬੰਦਾ ਭਰਾਵਾਂ ਦੀਆਂ ਟੱਕਰਾਂ ਲਵਾਉਂਦਾ ਏ ਤੇ ਆਪ ਰੱਜ ਕੇ ਰੋਟੀ ਖਾਂਦੈ। ਮੇਰੇ ਮਹਾਤਮਾ ਦੇ ਭਗਤੋ! ਫੜ੍ਹ ਲਉ ਇਸ ਬੰਦੇ ਨੂੰ, ਬਚ ਕੇ ਸੁੱਕਾ ਨਾ ਜਾਏ!

**ਇੱਕ** : ਮੇਰੇ ਮਹਾਤਮਾ ਦੇ ਭਗਤੋ! ਇਹ ਘੜੀ ਤੁਹਾਡੇ ਲਈ ਪਰਖ ਦੀ ਘੜੀ ਏ। ਇੱਟ ਦਾ ਜਵਾਬ ਪੱਥਰ ਨਾਲ ਦਿਓ। (ਰੌਲਾ ਹੋਰ ਵੀ ਤੇਜ਼ ਹੋ ਜਾਂਦਾ ਹੈ ਤੇ ਰੋਸ਼ਨੀ ਵਿਚਕਾਰਲੇ ਭਾਗ ਤੇ ਪੈਂਦੀ ਹੈ)

**ਮਹਾਤਮਾ** : (ਉਦਾਸੀ ਵਿੱਚ) ਮੈਂ ਇਹ ਕੀ ਵੇਖ ਰਿਹਾਂ?

**ਚੇਲਾ** : ਅੱਜ ਦਾ ਸੱਚ।

(ਭਾਗ ਨੰ. 2 ਤੋਂ ਆਵਾਜ਼ ਆ ਰਹੀਆਂ ਹਨ – ਮਾਰ ਦਿਓ ਨਾਸਤਕਾਂ ਨੂੰ, ਛੱਡਣਾ ਨਹੀਂ ਨਾਸਤਕਾਂ ਨੂੰ। ਬੰਬਾਂ ਦੀਆਂ ਆਵਾਜ਼ਾਂ ਤੇ ਰੋਣ ਕੁਰਲਾਉਣ ਦੀਆਂ ਆਵਾਜ਼ਾਂ ਸਮੁੱਚੇ ਮਾਹੌਲ ਨੂੰ ਸਹਿਮ ਭਰਿਆ ਬਣਾ ਦਿੰਦੀਆਂ ਹਨ)

**ਮਹਾਤਮਾ** : ਇਹ ਤਾਂ ਭਰਾ ਮਾਰੂ ਜੰਗ ਲੱਗ ਗਈ ਏ।

**ਚੇਲਾ** : ਉਹ ਵੇਖੋ ਅੱਗ, ਲਾਟਾਂ ਉਪਰ ਵੱਲ ਜਾ ਰਹੀਆਂ ਨੇ। ਲੋਕ ਬਚਾਓ ਬਚਾਓ ਕਰ ਰਹੇ ਨੇ। ਦੋਵੇਂ ਮਹਾਤਮਾ ਤੇ ਉਨ੍ਹਾਂ ਦੇ ਦੋਵੇਂ ਪੱਕੇ ਸ਼ਰਧਾਲੂ ਦੌੜ ਗਏ ਨੇ। ਇਹ ਸਭ ਕੁਝ ਤੁਹਾਡੇ ਵੱਲੋਂ ਸਥਾਪਤ ਕੀਤੇ ਮੰਚ ਤੇ ਹੋ ਰਿਹੈ।

**ਮਹਾਤਮਾ** : ਮੇਰਾ ਮੰਚ ਸ਼ਾਂਤੀ, ਸਬਰ, ਵਿਸ਼ਾਲਤਾ ਤੇ ਨੈਤਿਕਤਾ ਦਾ ਮੰਚ ਸੀ ਪਰ ਇਥੇ ਸਭ ਉਲਟਾ ਪੁਲਟਾ ਹੋ ਰਿਹੈ। ਹਵਾ ਹੋਰ ਵੀ ਜ਼ਹਿਰੀਲੀ ਹੋ ਗਈ ਏ, ਸੰਗੀਤਕ ਧੁੰਨਾਂ ਹੋਰ ਵੀ ਉਦਾਸ ਹੋ ਗਈਆਂ ਨੇ। ਉਫ਼ ! ਇੱਥੇ ਤਾਂ ਸਾਹ ਲੈਣਾ ਵੀ ਮੁਸ਼ਕਲ ਹੋ ਰਿਹੈ। ਹੁਣ ਇੱਥੇ ਹੋਰ ਠਹਿਰਨਾ ਕਠਿਨ ਏ.....

**ਪਿਛੋਂ ਗੀਤ ਦੀ ਆਵਾਜ਼** : ਉਦਾਸ ਮੇਰਾ ਗੀਤ ਏ, ਉਦਾਸ ਮੇਰਾ ਸੰਗੀਤ ਹੈ।
ਉਦਾਸ ਮੇਰੀ ਸ਼ਾਮ ਹੈ, ਉਦਾਸ ਮੇਰਾ ਨਾਮ ਹੈ।
(ਹਨ੍ਹੇਰਾ ਹੋ ਜਾਂਦਾ ਹੈ)

# ਨਿਬੰਧ

ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ :

## ਗੁਰੂ ਨਾਨਕ ਸਾਹਿਬ ਤੇ ਔਰਤ ਮਰਦ ਦੀ ਬਰਾਬਰੀ

**ਸ. ਦਲਜੀਤ ਸਿੰਘ ਰਤਨ**



"ਆਸਾ ਦੀ ਵਾਰ" ਵਿਚ ਗੁਰੂ ਨਾਨਕ ਦੇਵ ਜੀ ਦੇ ਇਹ ਸ਼ਬਦ ਅਕਸਰ ਦੁਹਰਾਏ ਜਾਂਦੇ ਹਨ, 'ਸੋ ਕਿਉ ਮੰਦਾ ਆਖੀਐ ਜਿਤੁ ਜੰਮੈ ਰਾਜਾਨੁ', ਪਰ ਇਹ ਗੱਲ ਧਿਆਨ ਵਿਚ ਘੱਟ ਹੀ ਆਉਂਦੀ ਹੈ ਕਿ ਔਰਤ-ਮਰਦ ਦੇ ਰਿਸ਼ਤੇ ਬਾਰੇ ਗੁਰਮਤਿ ਨੇ ਇਸ ਧਾਰਨਾ ਤੋਂ ਵੀ ਕਿਤੇ ਅਗੇ ਜਾ ਕੇ ਬੜੀ ਗੰਭੀਰ ਚਰਚਾ ਕੀਤੀ ਹੈ। ਗੁਰਮਤਿ ਨੇ ਔਰਤ-ਮਰਦ ਦੇ ਕੁਦਰਤੀ ਰਿਸ਼ਤੇ ਦੀ, ਹੁਣ ਤੱਕ ਦੀ ਸਭ ਤੋਂ ਖ਼ੂਬਸੂਰਤ ਵਿਆਖਿਆ ਕੀਤੀ ਹੈ। ਗੁਰਮਤਿ ਅਨੁਸਾਰ ਔਰਤ-ਮਰਦ ਨਾ ਸਿਰਫ ਇਕ ਦੂਜੇ ਦੇ ਬਰਾਬਰ ਹਨ ਸਗੋਂ ਦੋਵੇਂ ਇਕ-ਦੂਜੇ ਦੇ ਅਰਧ-ਸਰੀਰੀ ਭਾਵ ਇਕ-ਦੂਜੇ ਦੇ ਪੂਰਕ ਹਨ। ਕੁਦਰਤੀ ਨੇਮਾਂ ਅਨੁਸਾਰ ਔਰਤ-ਮਰਦ ਦੇ ਰਿਸ਼ਤੇ ਤੋਂ ਬਗੈਰ ਮਨੁੱਖੀ ਨਸਲ ਅੱਗੇ ਨਹੀਂ ਤੋਰੀ ਜਾ ਸਕਦੀ। ਇਸ ਲਈ ਔਰਤ-ਮਰਦ ਇਕ-ਦੂਜੇ ਤੋਂ ਆਜ਼ਾਦ ਨਹੀਂ, ਜਿਵੇਂ ਕਿ ਪੱਛਮੀ ਸਭਿਆਚਾਰ ਪ੍ਰਚਾਰਦਾ ਹੈ। ਬਲਕਿ ਇਹ ਦੋਵੇਂ ਹੋਂਦਾਂ ਇਕ-ਦੂਜੇ ਦੀਆਂ ਪੂਰਕ ਹਨ। ਭਾਵ ਇਕ-ਦੂਜੇ ਤੋਂ ਬਗੈਰ ਦੋਵੇਂ ਅਧੂਰੇ ਹਨ।

ਗੁਰੂ ਸਾਹਿਬ ਨੇ ਔਰਤ ਮਰਦ ਦੇ ਰਿਸ਼ਤੇ ਨੂੰ ਉਸ ਅਨੁਭਵੀ ਸਿਖਰ ਉਤੇ ਪਹੁੰਚਾਇਆ ਹੈ ਜਿਥੇ ਅਜੇ ਤੱਕ ਕਿਸੇ ਫਿਲਾਸਫਰ ਜਾਂ ਧਰਮ ਗੁਰੂ ਨੇ ਕਿਆਸਿਆ ਵੀ ਨਹੀਂ। ਕਮਾਲ ਦੀ ਗੱਲ ਇਹ ਹੈ ਕਿ ਇਹ ਸਿਖਰ ਹੁਣ ਤਕ ਦੇ ਹੋਏ ਪੂਰੇ ਸਮਾਜੀ ਤੇ ਸਭਿਆਚਾਰਕ ਵਿਕਾਸ ਦਾ ਸਿੱਟਾ ਹੈ ਅਤੇ ਭਵਿੱਖ ਦਾ ਖ਼ੂਬਸੂਰਤ ਸਮਾਜ ਅਜਿਹਾ ਹੋਣਾ ਤਹਿ ਹੈ।

ਗੁਰੂ ਸਾਹਿਬ ਦਾ ਫੁਰਮਾਨ ਹੈ -

ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ॥
ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ॥ (ਗੁਰੂ ਗ੍ਰੰਥ ਸਾਹਿਬ, ਪੰਨਾ 788)

ਔਰਤ ਮਰਦ ਦੀ ਬਰਾਬਰੀ ਦੀ ਹਮਾਇਤ ਕਰਨ ਦੇ ਨਾਲ-ਨਾਲ ਗੁਰੂ ਸਾਹਿਬ ਨੇ ਦੋਹਾਂ ਨੂੰ ਇਕ-ਦੂਜੇ ਦੇ ਪੂਰਕ ਮੰਨਿਆ ਹੈ। ਔਰਤ-ਮਰਦ ਦਾ ਰਿਸ਼ਤਾ ਦੋ ਵੱਖ-ਵੱਖ ਸਰੀਰਾਂ ਦਾ ਨਹੀਂ ਸਗੋਂ ਇਸ ਤੋਂ ਕਿਤੇ ਵੱਡਾ ਆਤਮਿਕ ਰਿਸ਼ਤਾ ਹੈ। ਜਿਸ ਰਿਸ਼ਤੇ ਵਿਚ ਦੋਵੇਂ ਇਕ-ਦੂਜੇ ਦੇ ਪੂਰਕ ਹਨ। ਔਰਤ-ਮਰਦ ਦੇ ਰਿਸ਼ਤੇ ਬਾਰੇ ਗੁਰੂ ਸਾਹਿਬ ਦੀ ਇਹ ਧਾਰਨਾ ਅੱਜ ਦੇ ਰਾਜਸੀ-ਸਮਾਜੀ ਮਾਹੌਲ ਵਿਚ ਖਾਸ ਤੌਰ ਉਤੇ ਮਹੱਤਵਪੂਰਨ ਹੈ।



ਕਿਉਂਕਿ ਬ੍ਰਾਹਮਣਵਾਦ ਨੇ ਜੇ ਔਰਤ ਮਰਦ ਨੂੰ ਦੇਹ ਦੀ ਹੋਂਦ ਤਕ ਸੁੰਗੇੜ ਦਿੱਤਾ ਸੀ ਤਾਂ ਪਛਮੀ ਸਭਿਆਚਾਰ ਦੇ ਬਾਜ਼ਾਰੀਕਰਨ ਨੇ ਔਰਤ-ਮਰਦ ਦੇ ਰਿਸ਼ਤੇ ਨੂੰ ਕੁਝ ਕੁ ਅੰਗਾਂ ਤੱਕ ਸੀਮਤ ਕਰ ਦਿਤਾ ਹੈ। ਮਨੁੱਖੀ ਰਿਸ਼ਤਿਆਂ ਦੇ ਇਸ ਬਾਜ਼ਾਰੀਕਰਨ ਨੇ ਔਰਤ-ਮਰਦ ਦੇ ਰਿਸ਼ਤਿਆਂ ਵਿਚ ਜ਼ਹਿਰ ਘੋਲ ਦਿੱਤੀ ਹੈ।

ਹਜ਼ਾਰਾਂ ਸਾਲਾਂ ਵਿਚ ਹੰਢਾਏ ਅਨੁਭਵੀ ਅਮਲ ਤੋਂ ਬਾਅਦ ਹੀ ਬੰਦੇ ਨੂੰ ਸਮਝ ਆਈ ਕਿ ਔਰਤ-ਮਰਦ ਦਾ ਰਿਸ਼ਤਾ ਬਾਕੀ ਸਾਰੇ ਰਿਸ਼ਤਿਆਂ ਦੀ ਖ਼ੂਬਸੂਰਤੀ ਦਾ ਆਧਾਰ ਹੈ। ਦੋਵੇਂ ਮਿਲ ਕੇ ਇਕ ਮਨੁੱਖੀ ਇਕਾਈ ਬਣਦੇ ਹਨ। ਮਨੁੱਖੀ ਨਸਲ ਚੱਲਦੀ ਰੱਖਣ ਲਈ ਇਨ੍ਹਾਂ ਦੋਹਾਂ ਦਾ ਮਿਲਣ ਅਤਿ ਜ਼ਰੂਰੀ ਹੈ। ਦੋਵੇਂ ਇਕ-ਦੂਜੇ ਬਿਨਾਂ ਅਧੂਰੇ ਹਨ। ਪਰ ਕਿਉਂਕਿ ਬੱਚੇ ਨੂੰ ਜਨਮ ਮਾਂ ਦਿੰਦੀ ਹੈ, ਇਸ ਲਈ ਸਮਾਜੀ ਤੌਰ ਉਤੇ ਔਰਤ ਦੀ ਅਹਿਮੀਅਤ ਮਰਦ ਨਾਲੋਂ ਵੱਧ ਹੈ। ਇਹ ਸਮਝ ਆਉਣ ਤੋਂ ਬਾਅਦ ਹੀ ਅਨੁਭਵ ਹੋਇਆ ਕਿ ਇਕ ਔਰਤ ਅਤੇ ਇਕ ਮਰਦ ਦਾ ਸਥਾਈ ਰਿਸ਼ਤਾ ਪਰਿਵਾਰ ਦੀ ਸਥਿਰਤਾ ਲਈ ਜ਼ਿਆਦਾ ਗੁਣਕਾਰੀ ਹੈ। ਇਸ ਰਿਸ਼ਤੇ ਵਾਸਤੇ ਇਕ-ਦੂਜੇ ਦੇ ਦੁੱਖ-ਸੁੱਖ ਵਿਚ ਭਾਈਵਾਲ ਹੋਣ ਲਈ ਵਧੇਰੇ ਸੰਵੇਦਨਸ਼ੀਲਤਾ ਦੀ ਲੋੜ ਹੈ। ਸੰਵੇਦਨਸ਼ੀਲਤਾ ਲਈ ਦੋਹਾਂ ਦੇ ਬੌਧਿਕ ਵਿਕਾਸ ਦੀ ਜ਼ਰੂਰਤ ਹੈ। ਔਰਤ-ਮਰਦ ਦੇ ਰਿਸ਼ਤੇ ਦੀ ਖ਼ੂਬਸੂਰਤੀ ਦਾ ਆਧਾਰ ਸਰੀਰਕ ਨਾਲੋਂ ਆਤਮਿਕ ਜ਼ਿਆਦਾ ਹੈ। ਭਾਵੇਂ ਇਹ ਰਿਸ਼ਤਾ ਸਰੀਰੀ ਵੀ ਹੈ ਪਰ ਇਨ੍ਹਾਂ ਰਿਸ਼ਤਿਆਂ ਵਿਚ ਖ਼ੂਬਸੂਰਤੀ ਭਰਨ ਲਈ ਦੋਹਾਂ ਦੇ ਆਤਮਿਕ ਤੇ ਸਭਿਆਚਾਰਕ ਵਿਕਾਸ ਦੀ ਲੋੜ ਹੈ।

ਮਸਲਨ ਪਰ-ਨਾਰੀ ਦੀ ਸੇਜ ਸੁਪਨੇ ਵਿਚ ਵੀ ਨਾ ਜਾਣ ਦੀ ਨਸੀਹਤ ਕੋਈ ਧਾਰਮਿਕ ਉਪਦੇਸ਼ ਨਹੀਂ, ਬਲਕਿ ਇਸ ਦਾ ਆਧਾਰ ਸਮਾਜੀ ਚੇਤਨਾ ਤੇ ਅਨੁਭਵੀ ਸਿਆਣਪ ਹੈ ਕਿ ਸੁਪਨਿਆਂ ਵਿਚ ਪਰ-ਨਾਰੀਆਂ ਦੀ ਸੇਜ ਮਾਣਨ ਵਾਲਾ ਮਨੁੱਖ ਕਦੀ ਵੀ, ਔਰਤ-ਮਰਦ ਦੇ ਰਿਸ਼ਤਿਆਂ ਨੂੰ ਆਤਮਿਕ ਪੱਧਰ ਉਤੇ ਜਾ ਕੇ ਨਹੀਂ ਮਾਣ ਸਕਦਾ। ਅਜਿਹਾ ਮਰਦ ਕਦੀ ਵੀ ਆਪਣੀ ਔਰਤ ਨਾਲ ਅਤੇ ਔਰਤ ਆਪਣੇ ਮਰਦ ਨਾਲ ਆਤਮਿਕ (ਭਾਵ ਰੂਹ ਦੀ) ਪੱਧਰ ਉਤੇ ਜਾ ਕੇ ਰਿਸ਼ਤਾ ਕਾਇਮ ਨਹੀਂ ਕਰ ਸਕਦੇ। ਨਾ ਹੀ ਉਹ ਸੁਚੇਤ ਰੂਪ ਵਿਚ ਆਪਣੇ ਸਰੀਰ ਦੀਆਂ ਇੰਦ੍ਰਿਆਵੀ, ਜਜ਼ਬਾਤੀ ਤੇ ਆਤਮਿਕ ਲੋੜਾਂ ਦੀ ਪਛਾਣ ਕਰ ਸਕਦੇ ਹਨ। ਕਿਉਂਕਿ ਸੁਪਨਿਆਂ ਵਿਚ ਪਰਾਈਆਂ ਔਰਤਾਂ ਭੋਗਣ ਵਾਲਾ ਮਨੁੱਖ ਯਥਾਰਥ ਤੋਂ ਟੁੱਟੀ ਹੋਈ ਮਾਨਸਿਕ ਭਟਕਣਾ ਦਾ ਸ਼ਿਕਾਰ ਹੁੰਦਾ ਹੈ। ਇਹੀ ਭਟਕਣਾ ਅਜੋਕੇ ਪੱਛਮੀ ਮਾਇਆਵੀ ਸਭਿਆਚਾਰ ਦੇ ਸ਼ਿਕਾਰ ਮਨੁਖ ਦੀ ਹੋਣੀ ਬਣੀ ਹੋਈ ਹੈ।

ਗੁਰਮਤਿ ਆਪਣੀ ਧਾਰਨਾ ਵਿਚ ਇਹ ਆਤਮਿਕ ਗਿਆਨ ਦੇ ਰਹੀ ਹੈ -

ਕਾਮਵੰਤ ਕਾਮੀ ਬਹੁ ਨਾਰੀ ਪਰ ਗ੍ਰਿਹ ਜੋਹ ਨ ਚੂਕੈ ॥
ਦਿਨ ਪ੍ਰਤਿ ਕਰੈ ਕਰੈ ਪਛੁਤਾਪੈ ਸੋਗ ਲੋਭ ਮਹਿ ਸੂਕੈ॥ ੩॥ (ਪੰਨਾ 672)

ਭਾਵ ਕਾਮ ਵਾਸ਼ਨਾ ਵਿਚ ਗ੍ਰਸੇ ਮਰਦ ਕੋਲ ਭਾਵੇਂ ਜਿੰਨੀਆਂ ਮਰਜ਼ੀ ਔਰਤਾਂ ਹੋਣ ਪਰ ਉਸ ਦੀ ਹੋਰ-ਹੋਰ ਪਰਾਈਆਂ ਔਰਤਾਂ ਭੋਗਣ ਦੀ ਭੁਖ ਕਦੇ ਤ੍ਰਿਪਤ ਨਹੀਂ ਹੁੰਦੀ। ਉਹ ਦਿਨ-ਰਾਤ ਕਾਮ ਵਿਚ ਗ੍ਰਸਿਆ ਰਹਿ ਕੇ ਪਛਤਾਉਂਦਾ ਵੀ ਹੈ, ਕਿਉਂਕਿ ਸਰੀਰਕ ਸਮਰਥਾ ਸੀਮਤ ਹੈ, ਪਰ ਫਿਰ ਵੀ ਹੋਰ-ਹੋਰ ਔਰਤਾਂ ਭੋਗਣ ਦੀ ਭਟਕਣਾ ਵਿਚ ਮਰਦਾ ਜਾਂਦਾ ਹੈ।

ਜੇ ਲਖ ਇਸਤਰੀਆਂ ਭੋਗ ਕਰਹਿ ਨਵ ਖੰਡ ਰਾਜ ਕਮਾਹਿ॥
ਬਿਨੁ ਸਤਗੁਰ ਸੁਖ ਨ ਪਾਵਈ ਫਿਰਿ ਫਿਰਿ ਜੋਨੀ ਪਾਹਿ॥ (ਪੰਨਾ 26)

ਭਾਵ ਮਨੁੱਖ ਜੇ ਲੱਖ ਔਰਤਾਂ ਨਾਲ ਵੀ ਭੋਗ ਕਰ ਲਵੇ ਅਤੇ ਸਾਰੀ ਦੁਨੀਆਂ ਉਤੇ ਰਾਜ ਕਮਾ ਲਵੇ, ਪਰ ਫਿਰ ਵੀ ਸੱਚੇ ਗੁਰੂ ਦੇ ਦਿੱਤੇ ਆਤਮਿਕ ਗਿਆਨ ਬਿਨਾਂ ਮਨ ਵਿਚੋਂ ਵਾਰ ਵਾਰ ਜੰਮਣ ਮਰਣ ਦਾ ਭਰਮ ਨਹੀਂ ਮਿਟਦਾ ਅਤੇ ਇਸ ਕਰਕੇ ਮਨ ਦੀ ਸ਼ਾਂਤੀ ਭਾਵ ਸੁੱਖ ਨਹੀਂ ਮਿਲ ਸਕਦਾ। ਅਰਥਾਤ ਆਪਣੀ ਨਾਸ਼ਵੰਤ ਹੋਂਦ ਦੀ ਅਸਲੀਅਤ ਨੂੰ ਜਾਣੇ ਬਗੈਰ ਬੰਦਾ ਆਪਣੇ ਸੰਤੁਲਿਤ, ਸੰਜਮੀ, ਸਹਿਜ ਜੀਵਨ ਦਾ ਸੁੱਖ ਨਹੀਂ ਮਾਣ ਸਕਦਾ।

ਅਜੋਕੇ ਸਾਰੇ ਟੀਵੀ ਚੈਨਲ ਤੇ ਲਗਪਗ ਸਾਰੀਆਂ ਅਖ਼ਬਾਰਾਂ ਇਸ ਧਾਰਨਾ ਦਾ ਦਿਨ-ਰਾਤ ਪ੍ਰਚਾਰ ਕਰਦੀਆਂ ਹਨ ਅਤੇ ਇਸ ਨੂੰ ਉਹ ਇਕ ਕੁਦਰਤੀ ਨੇਮ ਦੇ ਤੌਰ ਉਤੇ ਪ੍ਰਚਾਰਦੀਆਂ ਹਨ, ਕਿ ਮਨੁੱਖ ਜਮਾਂਦਰੂ ਹੀ ਬਹੁਨਾਰੀ ਜਾਂ ਬਹੁਪੁਰਖ ਗਾਮੀ ਹੈ। ਇਹ ਮਨੁੱਖ ਦੀ ਕੁਦਰਤੀ ਫਿਤਰਤ ਹੈ ਅਤੇ ਉਸ ਦੇ ਸੁਭਾਅ ਦਾ ਇਕ ਆਮ ਲਛਣ ਹੈ। ਪਰ ਉਹ ਇਹ ਜਾਣਕਾਰੀ ਕਦੀ ਨਹੀਂ ਦਿੰਦੀਆਂ ਕਿ ਇਹ ਇਕ ਪਸ਼ੂ ਦੀ ਪੱਧਰ ਉਤੇ ਜਿਊਣ ਵਾਲੇ ਮਨੁੱਖ ਦਾ ਲੱਛਣ ਹੈ। ਜਿਸ ਨੇ ਅਜੇ ਆਪਣੀ ਸਮਾਜੀ ਚੇਤਨਾ ਅਤੇ ਸਦਾਚਾਰ ਨੂੰ ਵਿਕਸਿਤ ਨਹੀਂ ਕੀਤਾ ਅਤੇ ਜਿਸ ਨੂੰ ਸਦੀਆਂ ਵਿਚ ਵਿਕਸਿਤ ਹੋਏ ਇਸ ਅਨੁਭਵੀ ਗਿਆਨ ਦੀ ਜਾਣਕਾਰੀ ਨਹੀਂ ਕਿ ਕਾਮੁਕ ਰਿਸ਼ਤਿਆਂ ਸਮੇਤ, ਔਰਤ ਮਰਦ ਦੇ ਖੂਬਸੂਰਤ ਰਿਸ਼ਤਿਆਂ ਦਾ ਅਨੰਦ ਸਿਰਫ ਆਤਮਿਕ ਪੱਧਰ ਉਤੇ ਜਾ ਕੇ ਹੀ ਮਾਣਿਆ ਜਾ ਸਕਦਾ ਹੈ, ਨਿਰੋਲ ਸਰੀਰਕ ਪੱਧਰ ਉਤੇ ਨਹੀਂ। ਨਿਰੋਲ ਸਰੀਰਕ ਪਧਰ ਉਤੇ ਬਣਾਏ ਕਾਮੁਕ ਰਿਸ਼ਤੇ ਨਿਰੀ ਭਟਕਣਾ ਦਾ ਕਾਰਨ ਬਣਦੇ ਹਨ।

ਅਜੋਕੀ ਨੌਜਵਾਨ ਪੀੜ੍ਹੀ ਇਹੀ ਭਟਕਣਾ ਹੰਢਾਅ ਰਹੀ ਹੈ ਅਤੇ ਮਾਨਸਿਕ ਰੋਗਾਂ ਦੀ ਹੱਦ ਤੱਕ ਜਾ ਕੇ ਬਿਮਾਰ ਹੈ। ਔਰਤ-ਮਰਦ ਦੇ ਪਸ਼ੂ ਦੀ ਪੱਧਰ ਉਤੇ ਜਾ ਕੇ ਕਾਇਮ ਕੀਤੇ ਇਹ ਕਾਮੁਕ ਰਿਸ਼ਤੇ, ਨਾ ਸੰਤੁਲਿਤ ਪਰਿਵਾਰ ਯਕੀਨੀ ਬਣਾ ਸਕਦੇ ਹਨ, ਨਾ ਮਾਨਸਿਕ ਅਤੇ ਸਰੀਰਕ ਤੌਰ ਉਤੇ ਤੰਦਰੁਸਤ ਪੀੜ੍ਹੀਆਂ ਪੈਦਾ ਕਰ ਸਕਦੇ ਹਨ ਅਤੇ ਨਾ ਹੀ ਸੰਤੁਲਿਤ ਮਨੁਖੀ ਸਮਾਜ ਕਾਇਮ ਕੀਤਾ ਜਾ ਸਕਦਾ ਹੈ। ਇਨ੍ਹਾਂ ਪਸ਼ੂ-ਰਿਸ਼ਤਿਆਂ ਦੀ ਲਲ੍ਹਕ ਨੇ ਹੀ ਅੱਜ ਦੁਨੀਆ ਭਰ ਵਿਚ ਅਸ਼ਲੀਲ ਭੜਕਾਊ ਕਾਮੁਕਤ ਦੇ ਨੀਚ ਧੰਦੇ, ਵੇਸਵਾਗਿਰੀ ਅਤੇ ਸਮਲਿੰਗਕਤਾ ਦੀ ਮੰਡੀ ਤਿਆਰ ਕੀਤੀ ਹੈ ਅਤੇ ਜਿਸ ਨੂੰ ਵਹਿਸ਼ਤ



ਦੀ ਹਦ ਤਕ ਜਾ ਕੇ ਕਾਨੂੰਨੀ ਰੂਪ ਦੇਣ ਦੇ ਯਤਨ ਕੀਤੇ ਜਾ ਰਹੇ ਹਨ।

ਅਜੋਕੇ ਰਾਜਪ੍ਰਬੰਧ ਦੀ ਬੁਨਿਆਦ ਪੁਰਸ਼ ਪ੍ਰਧਾਨ ਸਮਾਜ ਹੈ। ਇਹ ਬੁਨਿਆਦ ਬ੍ਰਾਹਮਣਵਾਦੀ ਭਰਮਜਾਲ ਅਤੇ ਪੈਸੇ ਉਤੇ ਟਿਕੀ ਹੋਈ ਹੈ। ਨਿੱਜੀ ਜਾਇਦਾਦ ਅਤੇ ਇਸ ਦੇ ਪ੍ਰਗਟ ਰੂਪ ਪੈਸੇ ਉਤੇ ਮੁਕੰਮਲ ਮਨੁੱਖੀ ਨਿਰਭਰਤਾ ਕਾਰਨ ਬਣੀ ਮਨੁਖੀ ਸੋਚ ਅਤੇ ਇਸ ਸੋਚ ਕਾਰਨ ਬਣੇ ਸਾਰੇ ਮਨੁੱਖੀ-ਸਮਾਜੀ ਰਿਸ਼ਤੇ, ਇਸ ਪੁਰਸ਼ ਪ੍ਰਧਾਨ ਸਮਾਜ ਦਾ ਪ੍ਰਗਟ ਰੂਪ ਹਨ। ਪੈਸੇ ਦਾ ਗਲਬਾ ਅਤੇ ਪੁਰਸ਼ ਪ੍ਰਧਾਨ ਸੋਚ, ਇਕੋ ਹੀ ਸਮਾਜੀ ਪ੍ਰਬੰਧ ਦੀਆਂ ਦੋ ਕੜੀਆਂ ਹਨ ਇਨ੍ਹਾਂ ਕੜੀਆਂ ਨੂੰ ਤੋੜੇ ਬਗੈਰ ਗੁਰੂ ਸਾਹਿਬ ਦੇ ਕਿਆਸੇ ਔਰਤ-ਮਰਦ ਦੀ ਬਰਾਬਰੀ ਤੇ ਇਕ-ਦੂਜੇ ਦੇ ਪੂਰਕ ਹੋਣ ਦੇ ਰਿਸ਼ਤੇ ਨੂੰ ਯਕੀਨੀ ਨਹੀਂ ਬਣਾਇਆ ਜਾ ਸਕਦਾ।

ਗੁਰੂ ਸਾਹਿਬ ਤਾਂ ਇਸ ਤੋਂ ਵੀ ਵਡਾ ਕੁਦਰਤੀ ਸਚ ਬਿਆਨ ਕਰਦੇ ਹਨ -

ਭੰਡਹੁ ਹੀ ਭੰਡ ਉਪਜੈ ਭੰਡੈ ਬਾਝੁ ਨ ਕੋਇ॥
ਨਾਨਕ ਭੰਡਹਿ ਬਾਹਰਾ ਸਾਹਿਬ ਸਚਾ ਸੋਇ॥ (ਗੁਰੂ ਗ੍ਰੰਥ ਸਾਹਿਬ ਪੰਨਾ 473)

ਭਾਵ ਔਰਤ ਤੋਂ ਹੀ ਔਰਤ ਪੈਦਾ ਹੁੰਦੀ ਹੈ ਅਤੇ ਔਰਤ ਤੋਂ ਬਿਨਾਂ ਕੋਈ ਮਨੁੱਖੀ ਜੀਵਨ ਕਿਆਸਿਆ ਵੀ ਨਹੀਂ ਜਾ ਸਕਦਾ। ਸਿਰਫ ਇਕ ਵੱਡਾ ਸੱਚ ਕਰਤਾ ਹੀ ਇਸ ਵਰਤਾਰੇ ਤੋਂ ਬਾਹਰ ਹੈ। ਭਾਵ ਇਹ ਇਕ ਕੁਦਰਤੀ ਸੱਚ ਹੈ, ਕਿ ਔਰਤ ਜੀਵਨ ਦਾਤੀ ਹੈ। ਮਨੁੱਖੀ ਜੀਵਨ ਦਾ ਆਧਾਰ ਔਰਤ ਦੀ ਕੁੱਖ ਹੈ। ਮਰਦ ਇਸ ਪ੍ਰਕਿਰਿਆ ਵਿਚ ਸ਼ਾਮਿਲ ਹੈ, ਪਰ ਅੰਤਿਮ ਤੌਰ ਉਤੇ ਬੱਚੇ ਨੂੰ ਜਨਮ ਔਰਤ ਹੀ ਦਿੰਦੀ ਹੈ। ਇਸੇ ਕਰਕੇ ਗੁਰੂ ਸਾਹਿਬ ਨੇ ਧਰਤੀ ਨੂੰ ਮਾਂ ਕਿਹਾ ਹੈ। ਕਿਉਂਕਿ ਧਰਤੀ ਹੀ ਮਨੁੱਖੀ ਜੀਵਨ ਦਾ ਆਧਾਰ ਹੈ। ਗੁਰੂ ਸਾਹਿਬ ਨੇ ਇਸ ਸਮਾਜੀ ਸੱਚ ਉਤੇ ਵੀ ਮੋਹਰ ਲਾਈ ਹੈ ਕਿ ਇਸ ਧਰਤੀ ਉਤੇ ਸਾਰੇ ਰਿਸ਼ਤਿਆਂ ਦੀ ਖੂਬਸੂਰਤੀ ਦਾ ਆਧਾਰ ਔਰਤ ਮਰਦ ਦਾ ਰਿਸ਼ਤਾ ਹੈ। ਬਾਕੀ ਸਾਰੇ ਸਮਾਜੀ-ਆਤਮਿਕ ਰਿਸ਼ਤੇ ਇਸ ਦੇ ਦੁਆਲੇ ਘੁੰਮਦੇ ਹਨ। ਇਥੋਂ ਤਕ ਕਿ ਸਾਰਾ ਆਤਮਿਕ ਰਹੱਸ ਅਤੇ ਸੁੰਦਰਤਾ ਇਸ ਰਿਸ਼ਤੇ ਰਾਹੀਂ ਹੀ ਪ੍ਰਗਟ ਹੁੰਦੀ ਹੈ। ਸਾਰੀ ਮਨੁੱਖੀ ਖੂਬਸੂਰਤੀ ਇਸ ਰਿਸ਼ਤੇ ਦੁਆਲੇ ਕੇਂਦਰਿਤ ਹੈ।

ਆਪਣੀਆਂ ਮੰਜ਼ਿਲਾਂ 'ਤੇ ਕਾਮਯਾਬੀ ਦੇ ਝੰਡੇ ਬੁਲੰਦ ਕਰਨ ਵਾਲੀਆਂ ਔਰਤਾਂ ਦੀ ਗਿਣਤੀ ਭਾਵੇਂ ਜਿੰਨੀ ਵੀ ਹੈ ਇਹ ਉਨ੍ਹਾਂ ਰੂੜੀਵਾਦੀ ਲੋਕਾਂ ਦੀ ਸੋਚ 'ਤੇ ਕਰਾਰੀ ਚਪੇੜ ਹੈ। ਇਤਿਹਾਸ ਗਵਾਹ ਹੈ ਕਿ ਇਹ ਔਰਤ ਸਾਨੂੰ ਕਦੇ ਜੁਝਾਰੂ ਰੂਪ ਵਿਚ ਮਾਈ ਭਾਗੋ ਬਣ ਕੇ ਨਜ਼ਰ ਆਉਂਦੀ ਹੈ, ਕਦੇ ਕੁਰਬਾਨੀ ਦੀ ਮੂਰਤ ਬਣ ਕੇ ਮਾਤਾ ਗੁਜਰੀ ਬਣ ਦਿਖਦੀ ਹੈ ਅਤੇ ਕਦੇ ਰਾਣੀ ਝਾਂਸੀ ਬਣ ਨਜ਼ਰ ਆਉਂਦੀ ਹੈ। ਇਹੋ ਜਿਹੇ ਮਹਾਨ ਇਤਿਹਾਸਕ ਕਿੱਸੇ ਹਨ, ਜਿਨ੍ਹਾਂ ਵਿਚ ਔਰਤ ਦੀ ਬੇਮਿਸਾਲ ਭੂਮਿਕਾ ਰਹੀ ਹੈ।

ਕਮਿਊਨਿਸਟ ਵਿਚਾਰਧਾਰਾ ਦਾ ਬਾਨੀ ਕਾਰਲ ਮਾਰਕਸ ਔਰਤ-ਮਰਦ ਦੇ ਰਿਸ਼ਤੇ ਬਾਰੇ ਗੁਰਮਤਿ ਦੀ ਇਸ ਧਾਰਨਾ ਦੀ ਪੁਸ਼ਟੀ ਕਰਦਾ ਹੈ। ਉਸ ਦਾ ਕਹਿਣਾ ਹੈ, "ਔਰਤ

ਨੂੰ ਪੈਰ ਦੀ ਜੁੱਤੀ, ਦਾਸੀ ਤੇ ਸਾਂਝੀ ਹਵਸ ਦੀ ਪੁਤਲੀ ਸਮਝਣ ਵਾਲੀ ਸੋਚ-ਮਰਦ ਦੇ ਉਸ ਅੰਤਹੀਣ ਨਿਘਾਰ ਦਾ ਪ੍ਰਗਟਾਵਾ ਹੈ, ਜਿਸ ਨਿਘਾਰ ਵਿਚ ਉਸ ਨੇ ਆਪਣੀ ਜ਼ਿੰਦਗੀ ਨੂੰ ਲਿਜਾ ਸੁਟਿਆ ਹੈ। ਅਜਿਹੀ ਸੋਚ ਦਾ ਕਾਰਨ ਇਸ ਸਿੱਧੇ ਤੇ ਕੁਦਰਤੀ ਨਸਲੀ ਰਿਸ਼ਤੇ ਨੂੰ ਭੁੱਲ ਕੇ ਇਸ ਰਿਸ਼ਤੇ ਬਾਰੇ ਬਣੇ ਗਲਤ ਵਿਚਾਰ ਤੇ ਵਿਹਾਰ ਹੈ। ਵਿਅਕਤੀ ਤੋਂ ਵਿਅਕਤੀ ਦਾ ਸਿੱਧਾ, ਕੁਦਰਤੀ ਤੇ ਲੋੜੀਂਦਾ ਰਿਸ਼ਤਾ-ਔਰਤ-ਮਰਦ ਦਾ ਰਿਸ਼ਤਾ ਹੈ। ... ਇਸ ਲਈ ਔਰਤ-ਮਰਦ ਦੇ ਰਿਸ਼ਤੇ ਤੋਂ ਮਨੁੱਖੀ ਵਿਕਾਸ ਦਾ ਸਮੁੱਚਾ ਪੱਧਰ ਜਾਣਿਆ ਜਾ ਸਕਦਾ ਹੈ। ਇਸ ਰਿਸ਼ਤੇ ਦੇ ਪੱਧਰ ਤੋਂ ਪਤਾ ਲਗਦਾ ਹੈ ਕਿ ਇਕ ਨਸਲੀ ਹੋਂਦ ਵਜੋਂ ਮਨੁੱਖ ਕਿੰਨਾ ਕੁ ਮਨੁੱਖ ਬਣਿਆ ਹੈ ਅਤੇ ਉਸਨੇ ਮਨੁੱਖ ਵਜੋਂ ਆਪਣੇ-ਆਪ ਨੂੰ ਕਿੰਨਾ ਕੁ ਆਪਣੀ ਅਨੁਭਵੀ ਪਕੜ ਵਿਚ ਲਿਆਂਦਾ ਹੈ।"

ਕਾਰਲ ਮਾਰਕਸ ਦੀ ਉਕਤ ਧਾਰਨਾ ਅਨੁਸਾਰ ਵੀ ਔਰਤ-ਮਰਦ ਦਾ ਰਿਸ਼ਤਾ ਸਾਰੇ ਮਨੁੱਖੀ ਰਿਸ਼ਤਿਆਂ ਦਾ ਮੂਲ ਹੈ ਤੇ ਇਹ ਨਸਲੀ ਭਾਵ ਮਨੁੱਖੀ ਨਸਲ ਚੱਲਦੀ ਰੱਖਣ ਲਈ ਸਭ ਤੋਂ ਬੁਨਿਆਦੀ ਕੁਦਰਤੀ ਰਿਸ਼ਤਾ ਹੈ।

ਜਿਥੇ ਵਿਸ਼ਵ ਪੱਧਰ 'ਤੇ ਇਸ ਵਰ੍ਹੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਪ੍ਰਕਾਸ਼ ਪੁਰਬ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ ਉਥੇ ਸਾਨੂੰ ਸਿਰ ਜੋੜ ਕੇ ਇਸ ਗੱਲ 'ਤੇ ਵਿਚਾਰਨ ਦੀ ਲੋੜ ਹੈ ਕਿ ਔਰਤ ਨੂੰ ਮਰਦ ਦੇ ਬਰਾਬਰ ਸਤਿਕਾਰ ਕਿਵੇਂ ਦਿਵਾਉਣਾ ਹੈ। ਬੇਸ਼ੱਕ ਬਹੁਤ ਸਾਰੀਆਂ ਸੰਸਥਾਵਾਂ ਹਨ ਜੋ ਔਰਤ ਦੀ ਆਜ਼ਾਦੀ, ਬਰਾਬਰੀ ਅਤੇ ਉਨ੍ਹਾਂ ਦੇ ਹੱਕਾਂ ਦੀ ਗੱਲ ਕਰਦੀਆਂ ਹਨ ਪਰ ਫਿਰ ਵੀ ਕਿਤੇ ਨਾ ਕਿਤੇ ਔਰਤ ਪਿੱਛੇ ਹੀ ਰਹਿ ਜਾਂਦੀ ਹੈ।


-ਦਲਜੀਤ ਸਿੰਘ ਰਤਨ

35, ਸੰਗਮ ਵਿਹਾਰ, ਯੂਨੀਵਰਸਿਟੀ ਰੋਡ,

ਡਾਕਖਾਨਾ : ਚੁਗਿੱਟੀ, ਜਲੰਧਰ-144009

ਮੋਬਾਈਲ : 98149-44411


(ਇਹ ਲੇਖ ਪੰਜਾਬੀ ਹੈਰੀਟੇਜ ਫਾਊਂਡੇਸ਼ਨ ਆਫ ਕਨੇਡਾ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਓਟਾਵਾ ਵਿਚ ਕਰਵਾਈ 'ਚੌਥੀ ਵਰਲਡ ਪੰਜਾਬੀ ਕਾਨਫਰੰਸ' ਵਿਚ ਪੜ੍ਹਿਆ ਗਿਆ ਹੈ ਤੇ ਉਨ੍ਹਾਂ ਵੱਲੋਂ ਛਾਪੇ ਗਏ ਕਿਤਾਬਚੇ ਵਿਚ ਵੀ ਯੋਗ ਥਾਂ ਮਿਲੀ ਹੈ।)

◆◆◆



# ਨਾਨਕ ਨਿਰਮਲ ਪੰਥ ਚਲਾਇਆ ..


– ਜਸਵਿੰਦਰ ਸਿੰਘ 'ਰੁਪਾਲ'




ਇਸ ਸੰਸਾਰ ਵਿੱਚ ਲੱਖਾਂ ਕਰੋੜਾਂ ਸਾਲਾਂ ਤੋ ਜੀਵਨ ਦੀ ਧਾਰਾ ਵਹਿੰਦੀ ਆ ਰਹੀ ਏ, ਪਰ ਜੋ ਜੀਵਨ ਜਾਚ ਬਾਬੇ ਨਾਨਕ ਨੇ ਦੱਸੀ, ਸਿਰਫ ਦੱਸੀ ਹੀ ਨਹੀਂ, ਖੁਦ ਜਿਉਂ ਕੇ ਦਿਖਾਈ, ਉਸ ਦੀ ਮਿਸਾਲ ਸਾਰੇ ਸੰਸਾਰ ਵਿੱਚ ਨਾ ਹੀ ਮਿਲੀ ਹੈ ਅਤੇ ਨਾ ਹੀ ਭਵਿੱਖ ਵਿੱਚ ਮਿਲਣ ਦੀ ਸੰਭਾਵਨਾ ਹੈ ਸ਼ਬਦ-ਰੂਪ ਪਾਰਬ੍ਰਹਮ ਨੂੰ ਪਹਿਚਾਣ ਕੇ, ਸ਼ਬਦ ਵਿੱਚ ਸੁਰਤਿ ਲਗਾ ਕੇ ਉਸ ਦੀ ਪ੍ਰਾਪਤੀ ਅਤੇ ਇਸੇ ਸ਼ਬਦ ਦੇ ਗਿਆਨ ਨਾਲ ਮਨੁਖੀ ਮਨ ਨੂੰ ਵਿਕਾਰਾਂ ਤੋ ਮੋੜ ਕੇ, ਉਸ ਇੱਕ ਨਿਰਾਕਾਰ ਦੇ ਨਾਮ ਵਿੱਚ ਲੀਨ ਹੋ ਕੇ ਅਸਲ ਅਨੰਦ ਦੀ ਵਿਆਖਿਆ ਕਰਨਾ ਸਿਰਫ ਅਤੇ ਸਿਰਫ ਗੁਰੂ ਨਾਨਕ ਦੇ ਹਿੱਸੇ ਆਇਆ ਭਾਈ ਸਾਹਿਬ ਭਾਈ ਗੁਰਦਾਸ ਜੀ ਇਸੇ ਜੀਵਨ-ਜੁਗਤਿ ਨੂੰ "ਨਾਨਕ ਨਿਰਮਲ ਪੰਥ ਚਲਾਇਆ" ਆਖਦੇ ਹਨ ਅਤੇ ਇਸੇ ਨੂੰ ਨਿਰਾਲਾ ਪੰਥ ਆਖ ਕੇ ਵਡਿਆਉਂਦੇ ਹਨ ਆਓ ਇਸ ਨਿਰਾਲੇਪਣ ਦੇ ਸਿਧਾਂਤ ਨੂੰ ਸਮਝਣ ਦੀ ਕੋਸ਼ਿਸ਼ ਕਰੀਏ .

ਨਾਨਕ ਦੇ ਦੱਸੇ ਮਾਰਗ ਨੂੰ ਇਕ ਮਜ਼ਹਬ ਮੰਨ ਲੈਣਾ ਅਤੇ ਦੂਸਰੇ ਮਜ਼ਹਬਾਂ ਵਾਂਗ ਦੇਖਣਾ ਸਾਡੀ ਸਭ ਤੋ ਵੱਡੀ ਭੁੱਲ ਹੈ ਜਦੋ ਕਦੇ ਧਰਮਾਂ ਦੇ ਜ਼ਿਕਰ ਕਰਦਿਆਂ ਹਿੰਦੂ, ਸਿੱਖ, ਮੁਸਲਮਾਨ, ਇਸਾਈ ਆਦਿ ਦੀ ਗੱਲ ਹੁੰਦੀ ਵੇਖਦਾ ਸੁਣਦਾ ਹਾਂ, ਤਾਂ ਬੜਾ ਦੁੱਖ ਲਗਦਾ ਹੈ, ਕਿ ਅਸੀਂ ਨਾਨਕ-ਨਾਮ-ਲੇਵਾ ਸਿੱਖਾਂ ਨੇ ਵੀ ਨਾਨਕ-ਵਿਚਾਰਧਾਰਾ ਨੂੰ ਨਹੀਂ ਸਮਝਿਆ ਸਿੱਖ ਕਿਸੇ ਧਰਮ ਜਾਂ ਮਜ਼ਹਬ ਦਾ ਨਾਂ ਨਹੀਂ ਹੈ, ਇਹ ਤਾਂ ਸਮੁੱਚੀ ਲੋਕਾਈ ਨੂੰ, ਮਨੁੱਖਤਾ ਨੂੰ ਦੱਸੀ ਗਈ ਇਕ ਜੀਵਨ-ਜਾਚ ਹੈ ਜੇ ਅੱਜ ਸਿੱਖ ਵੀ ਬਾਕੀ ਧਰਮਾਂ ਨਿਆਈਂ ਹੀ ਕੁਝ ਕਰਮ-ਕਾਂਡ ਕਰਕੇ ਆਪਣੇ ਆਪ ਨੂੰ ਸਿੱਖ ਕਹਾ ਕੇ ਖੁਸ਼ ਹੁੰਦਾ ਹੈ, ਤਾਂ ਮੁਆਫ ਕਰਨਾ, ਇਹ ਕਹਿਣ ਵਿੱਚ ਮੈਨੂੰ ਕੋਈ ਝਿਜਕ ਨਹੀਂ ਕਿ ਉਸ ਨੇ ਅਜੇ ਨਾਨਕ-ਵਾਦ ਨੂੰ ਸਮਝਿਆ ਹੀ ਨਹੀਂ

ਬਾਬਾ ਨਾਨਕ ਤਾਂ ਹੋਕਾ ਦੇ ਕੇ ਅਖਦਾ ਹੈ-

"ਏਕੋ ਧਰਮੁ ਦ੍ਰਿੜੈ ਸਚੁ ਕੋਈ ॥<br>
ਗੁਰਮਤਿ ਪੂਰਾ ਜੁਗਿ ਜੁਗਿ ਸੋਈ" ॥ (ਬਸੰਤ ਮਹਲਾ ੧, ਪੰਨਾ ੧੧੮੮)

ਇਸੇ ਸੱਚ ਦੇ ਧਰਮ ਨੂੰ ਪੰਜਵੇਂ ਨਾਨਕ ਨੇ ਇਸ ਤਰਾਂ ਬਿਆਨਿਆ ਹੈ-

"ਸਰਬ ਧਰਮ ਮਹਿ ਸ੍ਰੇਸ਼ਟ ਧਰਮੁ॥<br>
ਹਰਿ ਕੋ ਨਾਮੁ ਜਪਿ, ਨਿਰਮਲ ਕਰਮੁ"॥

(ਸੁਖਮਨੀ, ਪੰਨਾ ੨੬੬)

ਇਸ ਤਰਾਂ ਨਾਨਕ ਅਨੁਸਾਰ ਧਰਮ ਤਾਂ ਸਿਰਫ਼ ਅਤੇ ਸਿਰਫ਼ ਇੱਕ ਹੀ ਹੈ ਜਿਸ ਵਿੱਚ ਉਸ ਸੱਚੇ ਦਾ ਨਾਮ ਸਿਮਰਿਆ ਜਾਵੇ ਅਤੇ ਆਪਣੇ ਜੀਵਨ ਵਿੱਚ ਨਿਰਮਲ ਕਰਮ ਕੀਤੇ ਜਾਣ ਸਾਰੀ ਗੁਰਬਾਣੀ ਇਸ ਧਰਮ ਦੀ ਹੀ ਵਿਆਖਿਆ ਹੈ

ਕੁਝ ਸਮਾਂ ਪਹਿਲਾਂ ਸਾਰਾ ਧਾਰਮਿਕ ਜਗਤ ਉਸ ਪਾਰਬ੍ਰਹਮ ਨੂੰ ਜਾਨਣ, ਲੱਭਣ ਅਤੇ ਪ੍ਰਾਪਤ ਕਰਨ ਦੀ ਦੌੜ ਵਿੱਚ ਸੀ, ਕੋਈ ਜੰਗਲਾਂ ਵਿੱਚ ਫਿਰਦਾ ਸੀ, ਕੋਈ ਪਿੰਡੇ ਤੇ ਭਿਭੂਤ ਲਗਾ ਕੇ ਫਿਰਦਾ ਸੀ, ਤੇ ਕੋਈ ਗ੍ਰਿਹਸਥੀ ਛੱਡ ਕੇ ਗੁਫਾਵਾਂ ਵਿੱਚ ਜਾ ਕੇ ਤਪੱਸਿਆ ਕਰ ਰਿਹਾ ਸੀ ਕੁਝ ਲੋਕ ਧਰਮਾਂ ਦੇ ਨਾਂ ਤੇ ਭੋਲੀ ਜਨਤਾ ਨੂੰ ਲੁੱਟ ਕੇ ਖਾ ਰਹੇ ਸਨ ਰਾਜੇ ਨਿਆਂਕਾਰੀ ਨਹੀਂ ਸਨ ਅਤੇ ਧਾਰਮਿਕ ਆਗੂ ਖੁਦ ਭੁਲੇ ਭਟਕੇ ਹੋਏ ਸਨ ਲੋਕਾਈ ਅਗਿਆਨਤਾ, ਅੰਧਵਿਸ਼ਵਾਸ਼, ਕਰਮ-ਕਾਂਡਾਂ ਵਿੱਚ ਫਸੀ ਹੋਈ ਸੀ ਅਤੇ ਸ਼ਾਸ਼ਕ ਵਰਗ ਅਤੇ ਪੁਜਾਰੀ ਵਰਗ ਜਨਤਾ ਦੀ ਅਗਿਆਨਤਾ ਅਤੇ ਭੋਲੇਪਣ ਦਾ ਫਾਇਦਾ ਉਠਾ ਰਹੇ ਸਨ ਅਜਿਹੇ ਕੂੜ ਦੇ ਵਰਤਾਰੇ ਸਮੇਂ ਗੁਰੂ ਨਾਨਕ ਜੀ ਪਰਗਟ ਹੋਏ ਸਨ, ਉਨਾਂ ਪ੍ਰਿਥਵੀ ਨੂੰ ਜਲਦਿਆਂ, ਤੇ ਲੋਕਾਈ ਨੂੰ ਹਾਇ ਹਾਇ ਕਰਦਿਆਂ ਤੱਕਿਆ ਤੇ ਦਰਦ ਭਿੱਜੀ ਰੂਹ ਧਰਤੀ ਸੋਧਣਿ ਲਈ ਚੱਲ ਪਈ

ਪਹਿਲਾ ਕ੍ਰਾਂਤੀਕਾਰੀ ਕਦਮ ਬਾਬੇ ਨੇ ਚੱਕਿਆ ਕਿ ਨੀਵੀਂ ਜਾਤ ਵਜੋਂ ਜਾਣੇ ਜਾਂਦੇ ਰਬਾਬੀ ਮਰਦਾਨੇ ਨੂੰ ਆਪਣਾ ਪੱਕਾ ਸਾਥੀ ਬਣਾਇਆ ਬਾਬੇ ਨੇ ਅਪਣੀਆਂ ਉਦਾਸੀਆਂ ਰਾਹੀਂ ਵੱਖ ਵੱਖ ਮੱਤਾਂ ਦੇ ਆਗੂਆਂ ਕੋਲ ਜਾ ਜਾ ਕੇ ਉਨਾਂ ਨਾਲ ਸੰਵਾਦ ਰਚਾਇਆ ਪ੍ਰਮਾਤਮਾ ਦੇ ਇੱਕ ਹੋਣ, ਸਰਬ ਕਾਲਕ,ਸਰਬ ਸਾਂਝਾਂ ਪਾਲਕ ਹੋਣ, ਲੋਕਾਈ ਨੂੰ ਮੁਹੱਬਤ ਕਰਨ, ਆਪਣਾ ਆਪ ਪਹਿਚਾਨਣ, ਸਭ ਵਿੱਚ ਉਸ ਇੱਕ ਨੂੰ ਦੇਖਦੇ ਹੋਏ ਕਿਸੇ ਨੂੰ ਵੀ ਉਚਾ ਨੀਵਾਂ ਨਾ ਸਮਝਣ ਦਾ ਸਰਬ-ਸਾਂਝਾ ਉਪਦੇਸ਼ ਲੋਕਾਂ ਦੀ ਜ਼ੁਬਾਨ ਵਿੱਚ ਦਿੱਤਾ ਨਾਨਕ ਦਾ ਸਿਧਾਂਤ ਘਰ ਬਾਰ ਛੱਡਣ ਨੂੰ ਮਾਣ ਨਹੀਂ ਦਿੰਦਾ ਸਗੋ ਦੁਨੀਆਂ ਵਿੱਚ ਰਹਿੰਦਿਅ, ਕਿਰਤ ਕਰਦਿਆਂ,ਅਪਣੇ ਪਰਿਵਾਰ ਪ੍ਰਤੀ ਅਤੇ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਨਿਭਾਉਂਦਿਆਂ ਖਲਕਤ ਦੀ ਸੇਵਾ ਚੋਂ ਖਾਲਕ ਦੀ ਪ੍ਰਾਪਤੀ ਕਰਨੀ ਦੱਸਦਾ ਹੈ ॥ ਬਾਬੇ ਦੇ ਬੋਲ ਹਨ-

"ਘਾਲਿ ਖਾਇ ਕਿਛੁ ਹਥਹੁ ਦੇਇ
ਨਾਨਕ ਰਾਹੁ ਪਛਾਣਹਿ ਸੇਇ"

ਗੁਰਮਤਿ ਗਾਡੀ ਰਾਹ ਦਾ ਪਾਂਧੀ ਪਰਮਾਤਮਾ ਨੂੰ ਲੱਭਣ ਲਈ ਕਿਸੇ ਯੋਗ ਵਿੱਚ ਨਹੀਂ ਜਾਂਦਾ, ਸਮਾਧੀਆਂ ਨਹੀ ਲਗਾਂਦਾ, ਮਾਲਾ ਨਹੀਂ ਫੇਰਦਾ, ਕੋਈ ਖਾਸ ਵਰਤ ਨਹੀਂ ਰਖਦਾ, ਅਪਣੇ ਸਰੀਰ ਨੂੰ ਦੁੱਖ ਨਹੀਂ ਦਿੰਦਾ ਅਤੇ ਨਾ ਹੀ ਵਿਸ਼ੇਸ਼ ਕਰਮ ਕਾਂਡ ਕਰਦਾ ਹੈ ਉਹ ਤਾਂ ਦੁਨੀਆਂ ਵਿੱਚ ਵਿਚਰਦਿਆਂ ਹੋਇਆ, ਕਿਰਤ ਕਰਦਿਆਂ ਹੋਇਆਂ, ਮਾਇਆ ਕਮਾਂਦਿਆਂ ਹੋਇਆਂ ਵੀ "ਜੈਸੇ ਜਲ ਮਹਿ ਕਮਲ ਨਿਰਾਲਮ, ਮੁਰਗਾਈ ਨੈਸਾਣੈ" ਅਨੁਸਾਰ ਇਸ ਮਾਇਆ ਦਾ ਗੁਲਾਮ ਨਹੀਂ ਬਣਦਾ ਮਾਇਆ ਗੁਰਸਿੱਖ ਲਈ ਗੁਜਰਾਨ ਮਾਤਰ ਹੈ ਉਹ ਇਸ ਵਿਚੋਂ ਲੋੜਵੰਦ ਦੀ ਲੋੜ ਪੂਰੀ ਕਰਨ ਲਈ ਵਚਨਬੱਧ ਹੈ ਹੋਰ ਧਰਮਾਂ ਦੀ ਤਰਾਂ ਉਹ ਦਾਨ ਦੇ ਕੇ ਹਉਮੈ ਨਹੀਂ ਪਾਲਦਾ ਦਾਨ ਦੇਣ ਵਾਲਾ ਅਪਣੇ ਆਪ ਨੂੰ ਵੱਡਾ



ਸਮਝਦਾ ਹੈ,ਜਦ ਕਿ ਗੁਰਸਿੱਖ ਲੋੜਵੰਦ ਦੀ ਲੋੜ ਆਪਣਾ ਭਰਾ ਸਮਝ ਕੇ ਕਰਦਾ ਹੈ ਅਤੇ ਉਸ ਦਾ ਧੰਨਵਾਦੀ ਹੁੰਦਾ ਹੈ ,ਜੋ ਉਸ ਕਾਰਨ ਗੁਰਸਿੱਖ ਨੂੰ ਸੇਵਾ ਦਾ ਮੌਕਾ ਮਿਲਿਆ ਹੈ )

ਉਹ ਧਰਮ ਜਾਂ ਵਿਚਾਰਧਾਰਾ ਕਿਸ ਕੰਮ, ਜੋ ਲੋਕਾਂ ਦਾ ਜੀਵਨ ਨਾ ਬਦਲੇ ਗੁਰਮਤਿ ਅਸਲ ਵਿੱਚ ਇੱਕ ਇਨਕਲਾਬ ਦਾ ਨਾਂ ਹੈ, ਇੱਕ ਰਾਜਨੀਤਿਕ ਅਤੇ ਸਮਾਜਿਕ ਇਨਕਲਾਬ ਹੈ ਇਹ ਪਰ ਇਹ ਇਨਕਲਾਬ ਤਦ ਹੀ ਆ ਸਕੇਗਾ ਜੇ ਪਹਿਲਾਂ ਆਪਣੇ ਮਨ ਨੂੰ ਵਿਕਾਰਾਂ ਤੋਂ ਰੋਕ ਕੇ ਉਸ ਇੱਕ ਦੀ ਜੋਤ ਨੂੰ ਸਭ ਵਿੱਚ ਰਮੀ ਹੋਈ ਮਹਿਸੂਸ ਕੀਤਾ ਜਾਵੇ ਇੱਕ ਗੁਰਸਿੱਖ ਨੇ ਸਭ ਤੋ ਪਹਿਲਾਂ ਅਪਨੇ ਆਪ ਨੂੰ ਬਦਲਨਾ ਹੈ ਜੀਵਨ ਮਨੋਰਥ ਨੂੰ ਜਾਣ ਲੈਣ ਨਾਲ ਉਹ ਆਪਣੇ ਆਪੇ ਨੂੰ ਪਹਿਚਾਣਦਾ ਹੈ ਜਦੋਂ ਉਸ ਇੱਕ ਦੀ ਜੋਤ ਦਾ ਅਹਿਸਾਸ ਹੁੰਦਾ ਹੈ,ਤਾਂ ਇਸ ਜੋਤ ਨੂੰ ਸਰਬ ਵਿੱਚ ਪਸਰੀ ਤੇ ਰਮੀ ਹੋਈ ਦੇਖਦਾ ਹੈ ਉਦੋ "ਸਭ ਕੋ ਮੀਤ ਹਮ ਆਪਨ ਕੀਨਾ,ਹਮ ਸਭਨਾ ਕੇ ਸਾਜਨ" ਗੁਰਵਾਕ ਅਨੁਸਾਰ ਸਭਨਾਂ ਨੂੰ ਆਪਣਾ ਸਮਝਦਾ ਹੈ ਇਸ ਸਮਾਨਤਾ ਅਤੇ ਬ੍ਰਹਿਮੰਡੀ ਮੁਹੱਬਤ ਦੀ ਚਿਣਗ ਪੂਰੇ ਜਲੌਅ ਨਾਲ ਉਸ ਦੇ ਹਿਰਦੇ ਵਿੱਚ ਜਗਦੀ ਹੈ ਇਸ ਪ੍ਰੇਮ ਦੀ ਗਲੀ ਆਉਣ ਲਈ ਹੀ ਗੁਰੂ ਨਾਨਕ ਸਾਹਿਬ ਸੀਸ ਤਲੀ ਤੇ ਟਿਕਾਉਣ ਦੀ ਗੱਲ ਕਰਦੇ ਹਨ-

"ਜਉ ਤਉ ਪ੍ਰੇਮ ਖੇਲਣ ਕਾ ਚਾਉ
ਸਿਰੁ ਧਰਿ ਤਲੀ ਗਲੀ ਮੇਰੀ ਆਉ

ਜਦੋਂ ਨਿਸ਼ਾਨੇ ਅਤੇ ਮੰਜਲ ਦੀ ਸੋਝੀ ਆ ਜਾਂਦੀ ਹੈ, ਤਾਂ ਗੁਰਸਿੱਖ ਗੁਰੂ ਦੀ ਚਾਲ ਤੇ ਤੁਰਦਾ ਹੈ ਉਹ ਨਿਰਭਉ ਅਤੇ ਨਿਰਵੈਰ ਬਣਕੇ ਵਿਚਰਦਾ ਹੈ ਉਹ ਆਪਣੇ ਗੁਰੂ ਦੇ ਦੱਸੇ ਇਸ ਮਾਰਗ ਤੇ ਤੁਰਨ ਲਈ ਹੋਰਾਂ ਨੂੰ ਵੀ ਪ੍ਰੇਰਦਾ ਹੈ, ਪਰ ਕਦੀ ਵੀ ਧੱਕਾ ਨਹੀਂ ਕਰਦਾ ਆਪਣੇ ਨਿਸ਼ਚੇ ਤੇ ਦ੍ਰਿੜ ਹੈ, ਪਰ ਕਿਸੇ ਨੂੰ ਵੀ ਇਸ ਪੰਥ ਵਿੱਚ ਸ਼ਾਮਿਲ ਹੋਣ ਲਈ ਕਿਸੇ ਤਰਾਂ ਦਾ ਸ਼ਬਦੀ- ਜ਼ੁਲਮ ਤੱਕ ਵੀ ਨਹੀਂ ਕਰਦਾ ਤੇ ਹਾਂ, ਉਹ ਖੁਦ ਇਸ ਮਾਰਗ ਤੋਂ ਕਿਸੇ ਵੀ ਤਰਾਂ ਦੇ ਲਾਲਚ, ਸਵਾਰਥ ਜਾਂ ਜੁਲਮ ਦੇ ਬਾਵਜੂਦ ਪਿੱਛੇ ਨਹੀਂ ਹਟਦਾ ਉਸ ਦਾ ਨਿਸ਼ਚਾ ਦ੍ਰਿੜ ਹੈ ਕਿ ਸੱਚ ਦੇ ਮਾਰਗ ਤੇ ਚੱਲਦਿਆਂ ਗੁਰੂ ਆਪ ਸਹਾਈ ਹੁੰਦਾ ਹੈ ਇਸੇ ਲਈ ਅੱਜ ਤੱਕ ਕੋਈ ਜੇਲ, ਤੱਤੀ ਤਵੀ, ਆਰਾ, ਚਰਖੜੀ, ਰੰਬੀ, ਕੋਈ ਤਲਵਾਰ ਗੁਰਸਿੱਖ ਨੂੰ ਉਸਦੇ ਸਿਦਕ ਤੋਂ ਨਹੀਂ ਡੁਲਾ ਸਕੀ

ਗੁਰਸਿੱਖ ਨੇ ਆਪਣੇ ਫਰਜ਼ ਵੀ ਪੂਰੇ ਕਰਨੇ ਹਨ,ਪਰ ਆਪਣੈ ਅਧਿਕਾਰਾਂ ਲਈ ਲੜਨਾ ਵੀ ਹੈ ਆਜ਼ਾਦੀ ਸਾਡਾ ਪਹਿਲਾ ਮੁਢਲਾ ਅਧਿਕਾਰ ਹੈ ਆਪਣੀ ਅਣਖ, ਇੱਜਤ, ਮਾਣ-ਸਨਮਾਨ ਨੂੰ ਬਣਾਈ ਰੱਖਣ ਦੀ ਗੁੜਤੀ ਵੀ ਸਾਨੂੰ ਦਿੱਤੀ ਗਈ ਹੈ ਗੁਰਵਾਕ ਹੈ-

"ਜੇ ਜੀਵੈ ਪਤਿ ਲੱਥੀ ਜਾਇ
ਸਭੁ ਹਰਾਮੁ ਜੇਤਾ ਕਿਛੁ ਖਾਇ"

ਗੁਰਸਿੱਖ ਦੀ ਸਿਧਾਂਤਕ ਦ੍ਰਿੜਤਾ ਏਨੀ ਪੱਕੀ ਹੈ ਕਿ ਉਸ ਨੂੰ ਪੂਰਨ ਗਿਆਨ ਹੈ ਕਿ ਨਾਨਕ ਕਿਸੇ ਵਿਅਕਤੀ ਦਾ ਨਾਂ ਨਹੀਂ, ਸਗੋਂ ਨਾਨਕ ਤਾਂ ਇੱਕ ਵਿਚਾਰਧਾਰਾ ਅਤੇ

ਇੱਕ ਸ਼ਕਤੀ ਦਾ ਨਾਂ ਹੈ ਅਤੇ ਸ਼ਬਦ-ਗੁਰੂ ਤੋਂ ਸੇਧ ਲੈਕੇ ਧਾਰਨ ਕੀਤੀ ਹੋਈ ਵਿਵੇਕ ਬੁਧੀ ਕਦੇ ਵੀ ਕਿਸੇ ਦੇਹ ਜਾਂ ਡੇਰੇ ਵਾਲੇ ਦੀ ਮੁਰੀਦ ਨਹੀਂ ਹੋ ਸਕਦੀ ਅੱਜ ਬੇਅੰਤ ਬਾਬੇ ਗੁਰੂ ਨਾਨਕ ਦਾ ਨਾਂ ਵਰਤ ਕੇ ਆਪਣੇ ਨਿੱਜੀ ਡੇਰੇ ਚਲਾ ਰਹੇ ਹਨ ਜਿਨ੍ਹਾਂ ਡੇਰਿਆਂ ਵਿੱਚ ਗੁਰੂ ਨਾਨਕ ਦੀ ਮੱਤਿ ਤੋਂ ਉਲਟ ਬਹੁਤ ਕੁਝ ਹੋ ਰਿਹਾ ਹੈ ਪਰ ਸ਼ਬਦ-ਗੁਰੂ ਦੀ ਵਿਚਾਰਧਾਰਾ ਨੂੰ ਸਮਝਣਾ ਗੁਰਸਿੱਖ ਲਈ ਸਭ ਤੋਂ ਵੱਧ ਜ਼ਰੂਰੀ ਹੈ ਸਿੱਧਾਂ ਦੇ ਪੁੱਛਣ ਤੇ ਕਿ ਤੇਰਾ ਗੁਰੂ ਕੌਣ ਹੈ, ਗੁਰੂ ਨਾਨਕ ਜੀ ਨੇ ਸਪਸ਼ਟ ਆਖਿਆ-

"ਪਵਨੁ ਆਰੰਭ ਸਤਿਗੁਰ ਮਤਿ ਵੇਲਾ॥
ਸ਼ਬਦੁ ਗੁਰੂ ਸੁਰਤਿ ਧੁਨਿ ਚੇਲਾ" ॥
(ਸਿਧ ਗੋਸ਼ਟਿ,ਰਾਮਕਲੀ ਮਹਲਾ ੧,ਪੰਨਾ ੯੪੩)

ਸ਼ਬਦ-ਸੋਝੀ ਦਾ ਇਹ ਵਿਵੇਕ ਹੀ ਉਸਨੂੰ ਰਾਜਿਆਂ,ਮਾਹਾਰਾਜਿਆਂ, ਅਮੀਰਾਂ ਤੇ ਸਰਮਾਏਦਾਰਾਂ ਦੀ ਦੁਨਿਆਵੀ ਚਕਾਚੌਂਧ ਤੋਂ ਬਚਾਈ ਰਖਦਾ ਹੈ ਇਹ ਗਿਆਨ ਦੀ ਕਿਰਪਾ ਦੇ ਹੁੰਦਿਆਂ ਕੋਈ ਅੰਧਵਿਸ਼ਵਾਸ਼,ਕਰਮਕਾਂਡ ਆਦਿ ਉਸ ਨੂੰ ਆਪਣੇ ਵੱਲ ਨਹੀਂ ਖਿੱਚ ਸਕਦਾ ਸ਼ਬਦ ਦੀ ਵਿਚਾਰ ਹੀ ਉਸ ਦਾ ਆਧਾਰ ਹੈ

"ਸਿੱਖੀ ਸਿੱਖਿਆ ਗੁਰ ਵੀਚਾਰਿ" ?ਗੁਰੂ ਨਾਨਕ ਪੰਨਾ ੪੬੫)

ਗੁਰਸਿੱਖ ਦੀ ਪਹਿਲੀ ਕਸਵੱਟੀ ਗੁਰਬਾਣੀ ਹੈ ਉਸ ਨੇ ਇਤਿਹਾਸ ਨੂੰ ਵੀ ਗੁਰਬਾਣੀ ਦੀ ਕਸਵੱਟੀ ਤੇ ਪਰਖਣਾ ਹੈ ਕਿਉਕਿ ਇਤਿਹਾਸ ਵਿੱਚ ਸਰਧਾਲੂਆਂ ਨੇ ਭੋਲੇਪਣ ਅਤੇ ਅਗਿਆਨਤਾ ਵਿੱਚ ਅਤੇ ਵਿਰੋਧੀਆਂ ਨੇ ਸਾਜਿਸ਼ ਅਧੀਨ ਸੋਚ ਸਮਝ ਕੇ ਵਿਗਾੜ ਪਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਹਨ ਅਤੇ ਇਹ ਕੋਸ਼ਿਸ਼ਾਂ ਹੁਣ ਵੀ ਹੋ ਰਹੀਆਂ ਹਨ ਕਿਧਰੇ ਗੁਰੂ ਸਾਹਿਬਾਨ ਨੂੰ ਕਰਾਮਾਤੀ ਬਣਾਇਆ ਜਾ ਰਿਹਾ ਏ, ਕਿਧਰੇ ਗੁਰਬਾਣੀ ਨੂੰ ਵੀ ਮੰਤਰਾਂ ਨਿਆਈਂ ਪ੍ਰਚਾਰਿਆ ਜਾ ਰਿਹਾ ਏ ਕਿਤੇ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਅਤੇ ਬੁੱਤਾਂ ਨੂੰ ਸਥਾਪਿਤ ਕੀਤਾ ਜਾ ਰਿਹਾ ਹੈ ਕਿਧਰੇ ਭਗਤ ਬਾਣੀ ਅਤੇ ਗੁਰੂ ਬਾਣੀ ਵਿੱਚ ਵੱਖਰਾਪਣ ਦਿਖਾਇਆ ਜਾ ਰਿਹਾ ਏ ਅਤੇ ਕਿਧਰੇ ਗੁਰੂ ਗੋਬਿੰਦ ਸਿੰਘ ਜੀ ਦੀ ਸੋਚ ਨੂੰ ਗੁਰੂ ਨਾਨਕ ਤੋਂ ਵੱਖਰਾ ਦੱਸਿਆ ਜਾ ਰਿਹਾ ਏ ਸਿੱਖੀ ਸਿਧਾਂਤਾਂ ਤੇ ਕੀਤੇ ਜਾ ਰਹੇ ਇਨਾਂ ਅਣਗਿਣਤ ਹਮਲਿਆਂ ਦਾ ਕਾਰਨ ਜਿੱਥੇ ਈਰਖਾ ਹੈ,ਉਥੇ ਇਸ ਦੀ ਸਰਬ-ਸਾਂਝੀਵਾਲਤਾ ਅਤੇ ਨੀਵਿਆਂ ਨੂੰ ਗਲ ਲਾਉਣ ਦੀ ਨੀਤੀ ,ਸਦੀਆਂ ਤੋਂ ਉਚੇ ਹੋਣ ਦਾ ਵਹਿਮ ਪਾਲ ਕੇ ਜਨਤਾ ਦਾ ਸ਼ੋਸ਼ਣ ਕਰ ਰਹੇ ਪੁਜਾਰੀਵਾਦ ਅਤੇ ਬ੍ਰਾਹਮਣਵਾਦ ਨੂੰ ਸਿੱਧੀ ਚੁਣੌਤੀ ਹੈ ਪਰ ਘਬਰਾਉਣ ਦੀ ਲੋੜ ਨਹੀ , ਇੱਟਾਂ ਉਸੇ ਬੇਰੀ ਨੂੰ ਪੈਂਦੀਆਂ ਨੇ,ਜਿਸ ਨੂੰ ਬੇਰ ਲੱਗੇ ਹੋਏ ਹੋਣ ਸਮੇਂ ਦੀ ਲੋੜ ਹੈ ਕਿ ਗੁਰਬਾਣੀ ਦਾ ਅਧਿਐਨ ਹੋਰ ਡੂੰਘਾ ਕੀਤਾ ਜਾਵੇ ਸਿਧਾਂਤਕ ਪਕਿਆਈ ਲਿਆ ਕੇ ਆਪਸੀ ਮੱਤਭੇਦ ਦੂਰ ਕੀਤੇ ਜਾਣ

ਦੁਨਿਆਵੀ ਪਦਾਰਥਵਾਦ, ਦਿਖਾਵਿਆਂ ਤੋਂ ਬਚ ਕੇ ਸ਼ਬਦ-ਸੰਦੇਸ਼ ਨੂੰ ਜੀਵਨ ਵਿੱਚ ਅਮਲੀ ਰੂਪ ਵਿੱਚ ਢਾਲਿਆ ਜਾਵੇ ਪ੍ਰੇਮ ਦੀ ਵਰਖਾ ਮਨਾਂ ਚੋ ਅੰਧਕਾਰ ਅਤੇ ਕੁੜੱਤਣ ਦੂਰ ਕਰੇ ਅਤੇ ਅਰਦਾਸ ਅਤੇ ਵਿਸ਼ਵਾਸ ਹੈ ਕਿ ਗੁਰੂ ਕਿਰਪਾ ਨਾਲ ਇਸ



ਮਾਰਗ ਤੋਂ ਭੁਲੇ ਵੀ ਮੁੜ ਇਸ ਪੰਥ ਦਾ ਅੰਗ ਬਣਨ ਅਤੇ ਆਪਣਾ ਨਿਰਾਲਾਪਣ ਕਾਇਮ ਰੱਖ ਸਕਣ

ਨਾਨਕ ਦਾ ਪੰਥ ,ਦੂਜੇ ਮੱਤਾਂ ਦਾ ਸਤਿਕਾਰ ਕਰਦਾ ਹੈ,ਪਰ ਉਸ ਵਿੱਚ ਦਿਖਾਵਾ,ਕਰਮ-ਕਾਂਡ ਆਦਿ ਨਾ ਹੋਣ ਨਿਰਮਲ ਭਉ ਤੇ ਭਾਉ ਵਿੱਚ ਵਿਚਰਦਿਆਂ ਉਹ ਪ੍ਰਭੂ ਦੇ ਗੁਣ ਗਾਣ ਕਰਨ ਵਾਲੇ ਹਰ ਵਿਅਕਤੀ ਤੋਂ ਬਲਿਹਾਰ ਜਾਂਦਾ ਹੈ ਗੁਰੂ ਨਾਨਕ ਜੀ ਦਾ ਕਥਨ ਹੈ-

" ਬਾਬਾ ਜੈ ਘਰਿ ਕਰਤੇ ਕੀਰਤਿ ਹੋਇ
ਸੋ ਘਰੁ ਰਾਖੁ ਵਡਾਈ ਤੋਇ
(ਰਾਗ ਆਸਾ ਮਹਲਾ ੧,ਪੰਨਾ ੧੨)

ਇਸ ਤਰਾਂ ਇਸ ਨਿਰਾਲੇ ਪੰਥ ਦਾ ਪਾਂਧੀ "ਦੂਖ ਨਾ ਦੇਈ ਕਿਸੈ ਜੀਅ,ਪਾਰਬ੍ਰਹਮ ਚਿਤਾਰੇ" ਦੀ ਸੋਚ ਲੈ ਕੇ ,"ਵਿੱਚ ਦੁਨੀਆਂ ਸੇਵਿ ਕਮਾਈਐ" ਦਾ ਧਾਰਨੀ ਹੋ ਕੇ ਆਪਣੇ ਨਿਜ-ਘਰ ਨੂੰ ਪਹਿਚਾਣਦਾ ਹੋਇਆ "ਗੁਰਮੁਖਿ ਮਾਰਗ ਚਲਣਾ,ਛੱਡ ਖੱਬੇ ਸੱਜੇ" ਅਨੁਸਾਰ ਲਗਾਤਾਰ ਚਲਦਾ ਰਹਿੰਦਾ ਹੈ ਪਰ ਉਹ ਕਿਸੇ ਹੋਰ ਘਰ ਵੱਲ ਨਹੀਂ ਤੱਕਦਾ

ਜਾ ਕਾ ਠਾਕਰਿ ਉਚਾ ਹੋਈ
ਤਾ ਕਉ ਪਰ ਘਰ ਜਾਤ ਨਾ ਸੋਹੀ (ਕਬੀਰ ਜੀ)

ਆਓ ਮਿਲ ਕੇ ਅਰਦਾਸ ਕਰੀਏ ਕਿ ਨਾਨਕ -ਸੋਚ ਨਾਲ ਜੁੜ ਸਕੀਏ ਅਤੇ ਇਸ ਨਿਰਾਲੀ ਚਾਲ ਨਾਲ ਚਲਦੇ ਜੀਵਨ ਮੰਜ਼ਲ ਹਾਸਲ ਕਰ ਸਕੀਏ ਗੁਰੂ ਨਾਨਕ ਦੀ ਵਿਚਾਰਧਾਰਾ ਨੂੰ ਗਹਿਰਾਈ ਨਾਲ ਸਮਝਣ ਵਾਲਾ ਹੀ "ਸਰਬ-ਸਾਂਝੀਵਾਲਤਾ" ਤੇ "ਨਿਆਰੇਪਣ'' ਵਿੱਚ ਸੰਤੁਲਨ ਬਣਾ ਸਕਦਾ ਹੈ ਵਰਨਾ ਅਗਿਆਨਤਾ ਵਸ ਸਾਂਝੀਵਾਲਤਾ ਨੂੰ ਹਲਕੇ ਲਹਿਜੇ ਵਿੱਚ ਲੈਣ ਵਾਲਾ ਮਨਮਤਿ ਅਤੇ ਕਰਮ-ਕਾਂਡ ਵਿੱਚ ਫਸ ਜਾਂਦਾ ਹੈ ਅਤੇ "ਨਿਆਰੇਪਣ" ਨੂੰ ਪੂਰਾ ਨਾ ਸਮਝਣ ਵਾਲਾ ਕੱਟੜ ਹੋ ਸਕਦਾ ਹੈ ਗੁਰਬਾਣੀ ਦੇ ਪਿਆਰ ਵਿੱਚ ਭਿੱਜਿਆ ਹਿਰਦਾ ਹੀ ਪ੍ਰੇਮ ਦੇ ਸਹਿਜ ਮਾਰਗ ਨੂੰ ਅਪਣਾ ਸਕਦਾ ਹੈ

9814715796

◆◆◆

# ਤੁਰਦਿਆਂ ਦੇ ਨਾਲ ਤੁਰਦੇ . . .

**ਡਾ. ਨਿਸ਼ਾਨ ਸਿੰਘ ਰਾਠੌਰ**

ਹਰ ਬੰਦਾ ਆਪਣੇ ਜੀਵਨ ਵਿਚ ਆਰਾਮ ਚਾਹੁੰਦਾ ਹੈ/ ਸੁੱਖ ਚਾਹੁੰਦਾ ਹੈ ਪਰ, ਤਬਦੀਲੀ ਨੂੰ ਕੋਈ ਵੀ ਬੰਦਾ ਸਹਿਜੇ ਹੀ ਸਵੀਕਾਰ ਨਹੀਂ ਕਰਨਾ ਚਾਹੁੰਦਾ ਅਸਲ ਵਿਚ ਤਬਦੀਲੀ ਆਉਣ ਨਾਲ ਸੁੱਖ- ਆਰਾਮ ਖ਼ਤਮ ਹੁੰਦਾ ਹੈ/ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ ਇਸ ਕਰਕੇ ਮਨੁੱਖ ਕਿਸੇ ਪ੍ਰਕਾਰ ਦੀ ਤਬਦੀਲੀ ਨੂੰ ਮੁੱਢੋਂ ਹੀ ਪ੍ਰਵਾਨ ਨਹੀਂ ਕਰਦਾ

ਖ਼ੈਰ! ਇਹ ਵਿਸ਼ਾ ਤਾਂ ਮਨੋਵਿਗਿਆਨ ਨਾਲ ਸੰਬੰਧਤ ਵਿਸ਼ਾ ਹੈ ਇਸ ਬਾਰੇ ਹੋਰ ਗੂੜ੍ਹ ਗੱਲਾਂ ਵੀ ਕੀਤੀਆਂ ਜਾ ਸਕਦੀਆਂ ਹਨ ਪਰ, ਸਾਡੇ ਅੱਜ ਦੇ ਲੇਖ ਦਾ ਮੂਲ ਭਾਵ 'ਮਨੁੱਖੀ ਜੀਵਨ ਵਿਚ ਹੁੰਦੀ ਤਬਦੀਲੀ' ਵਿਸ਼ੇ ਨਾਲ ਸੰਬੰਧਤ ਹੈ

ਮਨੁੱਖ ਚਾਹੁੰਦਾ ਹੈ ਕਿ ਜਿਸ ਤਰ੍ਹਾਂ ਦਾ ਜੀਵਨ ਚੱਲ ਰਿਹਾ ਹੈ/ ਸਦਾ ਇਸੇ ਤਰ੍ਹਾਂ ਚੱਲਦਾ ਰਹੇ ਪਰ, ਅਜਿਹਾ ਨਹੀਂ ਹੁੰਦਾ ਜੀਵਨ ਵਿਚ ਬਦਲਾਓ ਲਾਜ਼ਮੀ ਹੁੰਦੇ ਹਨ ਇਹ ਕੁਦਰਤੀ ਨਿਯਮ ਹਨ ਇਸ ਨੂੰ ਬਦਲਿਆ ਨਹੀਂ ਜਾ ਸਕਦਾ

ਹਾਂ, ਇੱਕ ਗੱਲ ਯਕੀਨੀ ਹੈ ਕਿ ਉੱਦਮ ਸਦਕਾ ਹੋਈ ਤਬਦੀਲੀ ਮਨੁੱਖੀ ਜੀਵਨ ਵਿਚ ਸੁੱਖ ਲੈ ਕੇ ਆਉਂਦੀ ਹੈ ਅਤੇ ਆਪ- ਮੁਹਰੇ ਹੋਈ ਤਬਦੀਲੀ ਸਦਾ ਹੀ ਦੁੱਖਾਂ ਦਾ ਕਾਰਣ ਬਣਦੀ ਹੈ

ਮਨੁੱਖੀ ਮਨ ਅੰਦਰ ਅਜਿਹਾ ਡਰ ਹੈ ਕਿ ਉਹ ਤਬਦੀਲੀ/ ਬਦਲਾਓ ਨੂੰ ਮੁੱਢੋਂ ਹੀ ਸਵੀਕਾਰ ਨਹੀਂ ਕਰਦਾ ਖ਼ਬਰੇ! ਇਸੇ ਕਰਕੇ ਬਹੁਤ ਸਾਰੇ ਲੋਕ ਉਮਰ ਦੇ ਵੱਧਣ ਕਾਰਣ ਤਨਾਓ ਵਿਚ ਰਹਿੰਦੇ ਹਨ ਵਾਲ ਰੰਗਦੇ ਹਨ ਤਾਂ ਕਿ ਵੱਧਦੀ ਉਮਰ ਦਾ ਪਤਾ ਨਾ ਲੱਗੇ ਇਸ ਤਰ੍ਹਾਂ ਦੇ ਹੋਰ ਵੀ ਬਹੁਤ ਸਾਰੇ ਉਦਾਹਰਣ ਦਿੱਤੇ ਜਾ ਸਕਦੇ ਹਨ ਜਿੱਥੇ ਮਨੁੱਖ, ਤਬਦੀਲੀ ਨੂੰ ਛੁਪਾਉਣ ਲਈ ਯਤਨ ਕਰਦਾ ਵੇਖਿਆ ਜਾ ਸਕਦਾ ਹੈ

ਭਗਵਾਨ ਕ੍ਰਿਸ਼ਨ ਜੀ ਨੇ ਗੀਤਾ ਵਿਚ ਕਿਹਾ ਹੈ, 'ਪਰਿਵਰਤਨ ਹੀ ਸੰਸਾਰ ਦਾ ਨਿਯਮ ਹੈ ' ਭਾਵ ਇਸ ਸੰਸਾਰ ਦਾ ਮੂਲ ਮੰਤਰ ਬਦਲਾਓ ਵਿਚ ਲੁਕਿਆ ਹੋਇਆ ਹੈ ਪਰ, ਬੰਦਾ ਇਸ ਹਕੀਕਤ ਨੂੰ ਮੰਨਣ ਲਈ ਤਿਆਰ ਨਹੀਂ ਉਹ ਚਾਹੁੰਦਾ ਹੈ ਕਿ ਵਕਤ ਦਾ ਪਹੀਆ ਸਦਾ ਇਉਂ ਹੀ ਚੱਲਦਾ ਰਹੇ ਅਤੇ ਜੀਵਨ ਵਿਚ ਕੋਈ ਤਬਦੀਲੀ ਨਾ ਹੋਵੇ

ਇਸੇ ਕਰਕੇ ਸਮਾਜ ਵਿਚ ਰਹਿੰਦੇ ਬਹੁਤ ਸਾਰੇ ਲੋਕ ਆਪਣੇ ਜੀਵਨ ਵਿਚ ਕਦੇ ਕੋਈ ਯਤਨ ਨਹੀਂ ਕਰਦੇ ਇੱਕੋ ਥਾਂ 'ਤੇ/ ਇੱਕੋ ਜਿਹੀ ਅਵਸਥਾ ਵਿਚ ਜੀਵਨ ਜੀਉਂਦੇ ਰਹਿੰਦੇ ਹਨ ਪਰ, ਜਿਹੜੇ ਮਨੁੱਖ ਤਬਦੀਲੀ ਨੂੰ ਖਿੜੇ ਮੱਥੇ ਪ੍ਰਵਾਨ ਕਰ ਲੈਂਦੇ ਹਨ; ਉਹ ਸੁਖੀ ਜੀਵਨ ਬਤੀਤ ਕਰਦੇ ਹਨ ਮਨੁੱਖੀ ਮਨ ਦੀ ਇਸੇ ਅਵਸਥਾ ਨੂੰ ਬਿਆਨ ਕਰਦਿਆਂ ਜਨਾਬ ਰਾਬਿੰਦਰ ਮਸਰੂਰ ਹੁਰਾਂ ਦਾ ਇੱਕ ਸ਼ੇਅਰ ਹੈ;



'ਤੁਰਦਿਆਂ ਦੇ ਨਾਲ ਤੁਰਦੇ ਤਾਂ ਕਿਤੇ ਤਾਂ ਪਹੁੰਚਦੇ
ਬਿਨ ਤੁਰੇ ਜੋ ਪਹੁੰਚਣਾ, ਚਾਹੁੰਦੇ ਸੀ ਸੜਕਾਂ ਹੋ ਗਏ ' (ਰਾਬਿੰਦਰ ਮਸਰੂਰ)

ਸਮੇਂ ਦੇ ਨਾਲ ਤੁਰਦਿਆਂ ਹੋਇਆ ਮਨੁੱਖ ਕਾਮਯਾਬੀ ਦੀ ਸਿਖ਼ਰ ਨੂੰ ਛੂਹੰਦੇ ਹਨ ਪਰ ਇੱਕੋ ਥਾਵੇਂ ਬੈਠੇ ਮਨੁੱਖ ਅਸਫ਼ਲਤਾ ਦਾ ਮੂੰਹ ਵੇਖਦੇ ਹੀ ਮਰ- ਖੱਪ ਜਾਂਦੇ ਹਨ ਇਸ ਕਥਨ ਵਿਚ ਰਤਾ ਭਰ ਨੂੰ ਝੂਠ ਨਹੀਂ ਹੈ

ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਵੀ ਕਿਹਾ ਗਿਆ ਹੈ ਕਿ ਜਿਹੜਾ ਮਨੁੱਖ ਵਕਤ ਦੀ ਚਾਲ ਨੂੰ ਸਮਝ ਲੈਂਦਾ ਹੈ/ ਪਛਾਣ ਲੈਂਦਾ ਹੈ ਉਹੀ ਬੰਦਾ ਅਸਲ ਅਰਥਾਂ ਵਿਚ ਬੰਦਾ ਕਹਾਉਣ ਦਾ ਹੱਕਦਾਰ ਹੈ;

'ਵਖ਼ਤ ਵਿਚਾਰੇ ਸੋ ਬੰਦਾ ਹੋਇ॥' (ਗੁਰੂ ਗ੍ਰੰਥ ਸਾਹਿਬ ਜੀ)

ਉਹੀ ਬੰਦਾ ਅਸਲ ਅਰਥਾਂ ਵਿਚ ਸੰਪੂਰਨ ਮਨੁੱਖਤਾ ਦੀ ਕਸੌਟੀ ਤੇ ਖ਼ਰਾ ਉਤਰਦਾ ਹੈ ਜਿਹੜਾ ਵਕਤ ਦੀ ਨਬਜ਼ ਨੂੰ ਸਹੀ ਢੰਗ ਨਾਲ ਫੜਨਾ ਜਾਣ ਜਾਂਦਾ ਹੈ/ ਸਮਝ ਲੈਂਦਾ ਹੈ ਜਿਹੜਾ ਬੰਦਾ ਇਸ ਸੱਚਾਈ ਨੂੰ ਅੱਖੋਂ- ਪਰੋਖੇ ਕਰਦਾ ਹੈ ਉਹ ਬੰਦਾ ਪੂਰਾ ਜੀਵਨ ਪਛਤਾਉਂਦਾ ਰਹਿੰਦਾ ਹੈ ਪਰ, ਲੰਘਿਆ ਵਕਤ ਮੁੜ ਕਦੇ ਵਾਪਸ ਨਹੀਂ ਆਉਂਦਾ ਉਸ ਵਕਤ ਸਿਵਾਏ ਪਛਤਾਵੇ ਦੇ ਹੰਝੂਆਂ ਤੋਂ ਕੁਝ ਵੀ ਪੱਲੇ ਨਹੀਂ ਪੈਂਦਾ

ਇਸ ਕਰਕੇ ਨਵੀਂਆਂ ਰਾਹਾਂ ਦੇ ਮੁਸਾਫ਼ਰ ਬਣਦੇ ਰਹਿਣਾ ਚਾਹੀਦਾ ਹੈ ਹਾਂ, ਕਦੇ- ਕਦਾਈਂ ਨਵੀਂਆਂ ਰਾਹਵਾਂ ਉੱਪਰ ਵੀ ਅਸਫ਼ਲਤਾ ਮਿਲ ਜਾਂਦੀ ਹੈ ਪਰ, ਇਹ ਅਸਫ਼ਲਤਾ ਸਥਾਈ ਨਹੀਂ ਹੁੰਦੀ; ਕਿਉਂਕਿ ਤੁਰਨ ਦਾ ਸ਼ੌਕੀਨ ਯਾਤਰੂ ਫਿਰ ਤੋਂ ਨਵੀਂ ਰਾਹ ਦੀ ਭਾਲ ਸ਼ੁਰੂ ਕਰ ਦਿੰਦਾ ਹੈ ਇੱਕ ਰਾਹ ਦੀ ਅਸਫ਼ਲਤਾ ਉਸਨੂੰ ਆਪਣੇ ਨਿਸ਼ਚੇ ਤੋਂ ਡੋਲ ਨਹੀਂ ਸਕਦੀ ਉਹ ਮੁੜ ਨਵੀਂ ਰਾਹ ਉੱਪਰ ਤੁਰਨ ਦਾ ਹੀਆ ਕਰਨ ਲੱਗਦਾ ਹੈ

ਸੰਸਾਰ ਵਿਚ ਅਜਿਹੀਆਂ ਬਹੁਤ ਸਾਰੀਆਂ ਉਦਾਹਰਣਾਂ ਮੌਜੂਦ ਹਨ ਜਦੋਂ ਕਿਸੇ ਮਨੁੱਖ ਨੇ ਆਪਣੀ ਰਾਹ ਨੂੰ ਬਦਲਿਆ ਤੇ ਉਸਨੂੰ ਅਸਫ਼ਲਤਾ ਦਾ ਮੂੰਹ ਵੇਖਣਾ ਪਿਆ ਪਰ, ਉਸਨੇ ਹਾਰ ਨਹੀਂ ਮੰਨੀ ਅਤੇ ਸਫ਼ਲ ਹੋ ਕੇ ਦੁਨੀਆਂ ਲਈ ਪ੍ਰੇਰਣਾਸ੍ਰੋਤ ਬਣਿਆ

ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਜੀਵਨ ਵਿਚ ਅੱਗੇ ਵੱਧਣ ਲਈ ਮਨੁੱਖ ਨੂੰ ਯਤਨਸ਼ੀਲ ਰਹਿਣਾ ਚਾਹੀਦਾ ਹੈ ਦੁੱਖ- ਸੁੱਖ ਮਨੁੱਖੀ ਜੀਵਨ ਦਾ ਹਿੱਸਾ ਹਨ ਇਹਨਾਂ ਤੋਂ ਘਬਰਾਉਣਾ ਨਹੀਂ ਚਾਹੀਦਾ ਬਲਕਿ ਇਹਨਾਂ ਤੋਂ ਸਬਕ ਸਿੱਖਣਾ ਚਾਹੀਦਾ ਹੈ ਜੀਵਨ ਵਿਚ ਹੋਏ ਪਰਿਵਰਤਨ ਨੂੰ ਖਿੜੇ ਮੱਥੇ ਸਵੀਕਾਰ ਕਰਨਾ ਚਾਹੀਦੀ ਹੈ ਕਿਉਂਕਿ ਪਰਿਵਰਤਨ ਹੀ ਸੰਸਾਰ ਦਾ ਨਿਯਮ ਹੈ

**# 1054/1, ਵਾ. ਨੰ. 15-ਏ, ਭਗਵਾਨ ਨਗਰ ਕਾਲੋਨੀ, ਪਿੱਪਲੀ, ਕੁਰੂਕਸ਼ੇਤਰ**

**ਸੰਪਰਕ** : 75892- 33437

# ਮਿੰਨੀ ਕਹਾਣੀਆਂ/ਕਹਾਣੀ

## ਪਾਣੀ ਪਿਤਾ

**ਪ੍ਰੋ. ਸਤਵਿੰਦਰ ਬੇਗੋਵਾਲੀਆ**

'ਗੁਆਂਢੀਆਂ ਦੇ ਮੀਟਰ ਦੇ ਚੰਗੇ ਗੇੜੇ ਨਿਕਲਦੇ ਪਏ ਨੇ, ਬੰਦੇ ਨੂੰ ਬੰਦਾ ਨਹੀਂ ਸਮਝਦਾ ਇਹ ਚਵਲ ਗੁਆਂਢੀ', ਕਰਮੇ ਦੀ ਪਤਨੀ ਨੇ ਆਪਣੀ ਚਿਹਰੇ 'ਤੇ ਪੂਰੀ ਰੌਣਕ ਲਿਆਉਂਦੇ ਹੋਏ ਦਿਲ ਦੀ ਗੱਲ ਕਹਿ ਹੀ ਦਿੱਤੀ। ਕਰਮੇ ਨੇ ਆਪਣੇ ਘਰੋਂ ਬਾਹਰ ਆ ਕੇ ਵੇਖਿਆ ਤਾਂ ਗੁਆਂਢੀ ਦੀ ਮੋਟਰ ਲਗਾਤਾਰ ਚੱਲ ਰਹੀ ਸੀ। ਪਾਣੀ ਟੈਂਕੀ ਵਿਚੋਂ ਬਾਹਰ ਆ ਕੇ ਫਰਸ਼ 'ਤੇ ਡਿੱਗ ਰਿਹਾ ਸੀ।

"ਹੈਂ, ਟੈਂਕੀ ਤਾਂ ਓਵਰਫਲੋਅ ਹੋ ਗਈ, ਪਤਾ ਨਹੀਂ ਕਦੋਂ ਦੀ ਚਲਦੀ ਪਈ ਏ ਮੋਟਰ?' ਕਰਮਾ ਪ੍ਰੇਸ਼ਾਨ ਜਿਹਾ ਹੋ ਗਿਆ ਸੀ।

'ਅਜੇ ਤਾਂ ਅੱਧਾ ਘੰਟਾ ਈ ਹੋਇਐ ਚਲਦੀ ਨੂੰ, ਅੱਧੀ ਰਾਤ ਤੱਕ ਵੀ ਚਲਦੀ ਰਹੀ ਤਾਂ ਸੜਕ ਤੇ ਤਲਾਬ ਬਣਿਆ ਹੋਵੇਗਾ। ਬਿਜਲੀ ਦੇ ਬਿੱਲ ਦਾ ਵੀ ਮੋਟਾ ਟੀਕਾ ਲੱਗੇਗਾ.... ਹੂੰ, ਬੜਾ ਉਚੀ-ਉਚੀ ਸੁਣਾਉਂਦੇ ਪਏ ਸੀ ਪਾਰਟੀ ਤੇ ਚੱਲੇ ਹਾਂ ਫਾਈਵ ਸਟਾਰ ਹੋਟਲ।'

ਕਰਮੇ ਦੀ ਪਤਨੀ ਨੇ ਠਹਾਕਾ ਮਾਰਦੇ ਹੋਏ ਕਿਹਾ, ਪਰ ਕਰਮੇ ਦੇ ਚਿਹਰੇ 'ਤੇ ਚਿੰਤਾ ਦੇ ਚਿੰਨ੍ਹ ਸਪੱਸ਼ਟ ਨਜ਼ਰ ਆ ਰਹੇ ਸਨ। ਰਾਤ ਪੈ ਗਈ ਸੀ, ਬਾਹਰ ਹਨ੍ਹੇਰਾ ਪਸਰ ਰਿਹਾ ਸੀ। ਰਾਤ ਦੀ ਰੋਟੀ ਖਾਣ ਉਪਰੰਤ ਕਰਮਾ ਮੰਜੇ 'ਤੇ ਲੇਟ ਗਿਆ। ਦਿਨ ਭਰ ਦੀ ਥਕਾਵਟ ਕਾਰਨ ਉਸ ਦੀ ਅੱਖ ਲੱਗ ਗਈ। ਉਸ ਨੇ ਸੁਫ਼ਨੇ 'ਚ ਵੇਖਿਆ ਕਿ ਪਾਣੀ ਦੇ ਭਰੇ ਟੈਂਕਰ ਸਾਹਮਣੇ ਕਈ ਛੋਟੇ-ਛੋਟੇ ਬੱਚੇ ਪਾਣੀ ਲੈਣ ਲਈ ਹੱਥਾਂ ਵਿਚ ਬਾਲਟੀਆਂ ਫੜੀ ਖੜ੍ਹੇ ਸਨ। ਲਾਈਨ ਵਿਚ ਕਰਮੇ ਦਾ ਪੁੱਤਰ ਵੀ ਖੜ੍ਹਾ ਸੀ, ਜਿਸ ਦੇ ਮਾਸੂਮ ਚਿਹਰੇ 'ਤੇ ਕਹਿਰਾਂ ਦੀ ਉਦਾਸੀ ਸੀ। ਲਾਈਨ ਵਿੱਚ ਧੱਕੇ ਵੱਜਣੇ ਸ਼ੁਰੂ ਹੋ ਗਏ ਤਾਂ ਕਰਮੇ ਦਾ ਪੁੱਤਰ ਧੱਕਾ ਖਾ ਕੇ ਡਿੱਗ ਪਿਆ। ਕਰਮੇ ਦਾ ਸੁਪਨਾ ਟੁੱਟ ਗਿਆ। ਉਸ ਦੀ ਪਤਨੀ ਗੂੜ੍ਹੀ ਨੀਂਦੇ ਸੌਂ ਰਹੀ ਸੀ। ਕਰਮੇ ਨੇ ਟਾਰਚ ਫੜੀ ਅਤੇ ਪੋਲੇ-ਪੋਲੇ ਕਦਮੀਂ ਚਲਦਾ ਹੋਇਆ ਘਰੋਂ ਬਾਹਰ ਆ ਗਿਆ। ਉਸ ਦਾ ਦਿਲ ਡਰ ਰਿਹਾ ਸੀ ਕਿਤੇ ਅਚਾਨਕ ਗੁਆਂਢੀ ਆ ਗਿਆ ਤਾਂ ਉਸ ਲਈ ਕੋਈ ਨਵੀਂ ਮੁਸੀਬਤ ਖੜ੍ਹੀ ਹੋ ਜਾਏਗੀ। ਕੰਧ ਟੱਪੀ ਅਤੇ ਗੁਆਂਢੀ ਦੀ ਮੋਟਰ ਬੰਦ ਕਰ ਕੇ ਦੁਬਾਰਾ ਮੰਜੇ 'ਤੇ ਆ ਕੇ ਲੇਟ ਗਿਆ। ਹੁਣ ਉਸ ਦੇ ਚਿਹਰੇ 'ਤੇ ਸੰਤੁਸ਼ਟੀ ਦੀ ਚਮਕ ਸੀ ਅਤੇ ਕੰਨਾਂ ਵਿੱਚ ਬੋਲ ਗੂੰਜ ਰਹੇ ਸਨ, 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ।'

ਮੋਬਾਇਲ: 98154-65620

◆◆◆



## ਜੈਕਾਰਾ

**ਬਿਕਰਮਜੀਤ ਨੂਰ**

'ਗੁਰਬਾਣੀ ਕੰਠ ਮੁਕਾਬਲੇ' ਵਿੱਚ ਸੋਨੂੰ ਸ਼ਰਮ ਨੇ ਪਹਿਲਾ ਇਨਾਮ ਜਿੱਤ ਕੇ ਸਮੂਹ ਸੰਗਤ ਨੂੰ ਹੈਰਾਨ ਕਰ ਦਿੱਤਾ ਸੀ।

ਵੱਖ-ਵੱਖ ਸਕੂਲਾਂ ਦੇ ਨੰਨ੍ਹੇ-ਮੁੰਨੇ ਬੱਚਿਆਂ ਦਾ ਇਹ ਮੁਕਾਬਲਾ ਪਵਿੱਤਰ ਗੁਰਪੁਰਬ ਦੇ ਸ਼ੁੱਭ ਅਵਸਰ 'ਤੇ ਗੁਰਦੁਆਰਾ ਸਾਹਿਬ ਵਿਖੇ, ਸਥਾਨਕ ਪ੍ਰਬੰਧਕ ਕਮੇਟੀ ਵੱਲੋਂ ਕਰਵਾਇਆ ਗਿਆ ਸੀ।

ਦੂਜੇ ਤਕਰੀਬਨ ਸਾਰੇ ਸਿੱਖ ਬੱਚੇ ਸਨ, ਜਿਨ੍ਹਾਂ ਨੇ ਸਿਰਾਂ ਉਤੇ ਪਟਕੇ ਜਾਂ ਦਸਤਾਰਾਂ ਸਜਾਈਆਂ ਹੋਈਆਂ ਸਨ। ਘੋਨੇ-ਮੋਨੇ ਖੂਬਸੂਰਤ ਸੋਨੂੰ ਦੇ ਵੀ, ਕੇਸਰੀ ਰੁਮਾਲ ਖੂਬ ਸਜਾ ਕੇ, ਮੱਥੇ ਤੋਂ ਕੰਨਾਂ ਦੇ ਉਤੋਂ ਦੀ ਕਰਕੇ ਗਰਦਨ ਦੇ ਪਿੱਛੇ ਗੰਢ ਮਾਰ ਕੇ ਬੰਨ੍ਹਿਆ ਹੋਇਆ ਸੀ। ਉਸ ਦੇ ਮੱਥੇ 'ਤੇ 'ਖੰਡੇ' ਦਾ ਨਿਸ਼ਾਨ ਲਿਸ਼-ਲਿਸ਼ ਕਰ ਰਿਹਾ ਸੀ।

ਸੰਗਤ ਵਿਚਲੀ ਕਾਨਾ-ਫੂਸੀ 'ਵਾਹ-ਵਾਹ' ਕਰ ਰਹੀ ਸੀ, "ਬਈ ਪੰਡਤਾਂ ਦੇ ਮੁੰਡੇ ਨੇ ਤਾਂ ਕਮਾਲ ਕਰ ਦਿਖਾਈ।"

ਸੁਆਲ ਕੀਤਾ ਗਿਆ ਸੀ, "ਬੇਟੇ, ਕਿੱਥੋਂ ਸਿਖੇ ਹੋ ਪਾਠ ਕਰਨਾ?

ਜਵਾਬ ਸੀ, "ਜੀ, ਮੇਰੇ ਵੱਡਾ ਪਾਪਾ ਜੀ ਕਰਦੇ ਹੁੰਦੇ ਐ।"

ਸੋਨੂੰ ਨੇ ਕੜਕਵੀਂ ਆਵਾਜ਼ ਵਿੱਚ ਏਨਾ ਸ਼ੁੱਧ ਉਚਾਰਣ ਕੀਤਾ ਸੀ ਕਿ ਨਿਰਣਾਇਕ ਮੰਡਲ ਦੀ ਨਿਰਪੱਖ ਕਲਮ ਏਸੇ ਹੋਣਹਾਰ ਬੱਚੇ ਨੂੰ ਹੀ 'ਪ੍ਰਥਮ ਸਥਾਨ' ਦੇਣ ਲਈ ਸਹਿਜੇ ਹੀ ਸਹਿਮਤ ਹੋ ਗਈ ਸੀ।

ਬਾਕੀ ਦਰਜਨ ਦੇ ਕਰੀਬ ਬੱਚਿਆਂ ਵਿਚੋਂ ਜਿਹੜੇ ਦੂਜੇ ਅਤੇ ਤੀਜੇ ਨੰਬਰ 'ਤੇ ਆਏ ਸਨ, ਉਨ੍ਹਾਂ ਦੀ ਕਾਰਜ-ਕੁਸ਼ਲਤਾ ਵੀ ਮਾੜੀ ਨਹੀਂ ਸੀ। ਪਰ ਸੋਨੂੰ ਦੇ ਮੁਕਾਬਲੇ ਕੁੱਝ ਘਾਟਾਂ ਰਹਿ ਗਈਆਂ ਸਨ, ਜਿਨ੍ਹਾਂ ਵਿੱਚ ਖਾਸ ਤੌਰ 'ਤੇ 'ਸ੍ਵੈ-ਭਰੋਸੇ ਦੀ ਘਾਟ' ਵੀ ਸ਼ਾਮਿਲ ਸੀ। ਫਿਰ, ਦਰਜਾਬੰਦੀ ਵੀ ਤਾਂ ਆਖਿਰ ਕਰਨੀ ਹੀ ਸੀ।

ਦੂਜੇ ਅਤੇ ਤੀਜੇ ਸਥਾਨ ਵਾਲੇ ਬੱਚਿਆਂ ਨੂੰ ਪਹਿਲਾਂ ਸਮਨਾਨਿਤ ਕੀਤਾ ਗਿਆ ਸੀ। ਇਨਾਮ ਲੈਂਦੇ ਬੱਚੇ ਦੀ ਹੌਂਸਲਾ-ਅਫਜ਼ਾਈ ਕਰਨ ਦੇ ਮੰਤਵ ਨਾਲ, ਸੰਗਤ ਵਿੱਚ ਹਾਜ਼ਰੀ ਲਵਾ ਰਿਹਾ ਕੋਈ ਆਦਮੀ ਜੈਕਾਰਾ ਵੀ ਬੁਲਾ ਦਿੰਦਾ।

ਸੋਨੂੰ ਨੂੰ ਸਿਰੋਪਾ, ਗੁਰਬਾਣੀ ਦਾ ਗੁਟਕਾ ਅਤੇ ਕੜਾ ਇਨਾਮ ਵਜੋਂ ਦੇਣ ਦੇ ਮੌਕੇ ਕਮੇਟੀ ਦਾ ਪ੍ਰਧਾਨ ਕੁਝ ਜਜ਼ਬਾਤੀ ਹੋ ਗਿਆ ਸੀ ਤੇ ਬੱਚੇ ਨੂੰ ਦੋਹਾਂ ਹੱਥਾਂ ਨਾਲ ਉਠਾ ਕੇ ਉਸ ਨੇ ਆਪਣੇ ਮੋਢੇ ਨਾਲ ਲਾ ਲਿਆ ਸੀ। ਸੰਗਤ ਖੁਸ਼ੀ ਨਾਲ ਖੀਵੀ ਹੋ ਗਈ ਸੀ।

ਪ੍ਰਧਾਨ ਜੀ ਨੇ ਬੱਚੇ ਨੂੰ ਥੱਲੇ ਉਤਾਰ ਕੇ ਉਸ ਵੱਲ ਝੁਕ ਕੇ ਕਿਹਾ ਸੀ, "ਬੇਟੇ ਸੋਨੂੰ, ਤੁਸੀਂ ਤਾਂ ਆਪ ਹੀ ਛੱਡ ਦਿਓ ਜੈਕਾਰਾ। ...ਸ਼ਾਬਾਸ਼!!"

ਮਾਈਕ ਸੋਨੂੰ ਨੂੰ ਕੱਦ ਦੇ ਬਰਾਬਰ ਕਰ ਦਿੱਤਾ ਗਿਆ ਸੀ।

ਗੰਭੀਰ ਅਵਸਥਾ ਵਿੱਚ ਖੜ੍ਹਾ ਸੋਨੂੰ ਕਿੰਨੀ ਹੀ ਦੇਰ ਜੱਕੋ-ਤੱਕੀ ਆਪਣੀਆਂ ਮੋਟੀਆਂ-

ਮੋਟੀਆਂ ਅੱਖਾਂ ਝਪਕਾਉਂਦਾ ਇਧਰ-ਉਧਰ ਦੇਖਦਾ ਰਿਹਾ ਸੀ।

ਸੰਗਤ ਵੀ ਉਸ ਦੇ 'ਬੋਲੇ ਸੋ ਨਿਹਾਲ' ਦੇ ਜਵਾਬ ਵਿੱਚ ਇਕ ਅਨੋਖੀ ਇਕ-ਸੁਰੀ ਗੂੰਜ ਵਿਚ 'ਸਤਿ ਸ੍ਰੀ ਅਕਾਲ' ਕਹਿਣ ਲਈ ਤਿਆਰ-ਬਰ-ਤਿਆਰ ਬੈਠੀ ਸੀ।

ਸੋਨੂੰ ਮਾਈਕ ਦੇ ਨੇੜੇ ਹੋਇਆ। ਉਸ ਨੇ ਤਿੱਖੀ ਅਤੇ ਉਚੀ ਆਵਾਜ਼ ਵਿੱਚ ਪੂਰਾ ਤਾਣ ਲਾ ਕੇ ਜੈਕਾਰਾ ਬੁਲਾ ਦਿੱਤਾ, "ਜਗਦੀਆਂ ਜੋਤਾਂ ਵਾਲੀ ਮਾਤਾ ਤੇਰੀ ਸਦਾ ਹੀ ਜੈ!"

.....ਸੰਗਤ ਦਾ ਮੂੰਹ ਟੱਡਿਆ ਰਹਿ ਗਿਆ ਸੀ।

◆◆◆

# ਇਨਾਮ

**ਰਘਬੀਰ ਸਿੰਘ ਮਹਿਮੀ**

ਔਰੰਗਜ਼ੇਬ ਬੜਾ ਕੱਟੜ ਮੁਸਲਮਾਨ ਸ਼ਾਸ਼ਕ ਸੀ। ਉਸ ਨੂੰ ਆਪਣੇ ਧਰਮ ਅਤੇ ਧਾਰਮਿਕ ਪੁਸਤਕ ਨਾਲ ਅੰਤਾਂ ਦਾ ਮੋਹ ਸੀ। ਏਸੇ ਲਈ ਉਹ ਹੋਰ ਧਰਮਾਂ ਨੂੰ ਮੰਨਣ ਵਾਲੇ ਬੰਦਿਆਂ ਨੂੰ ਆਪਣੇ ਧਰਮ ਵਿੱਚ ਸ਼ਾਮਲ ਕਰਨ ਲਈ ਪਿਆਰ ਜਾਂ ਧੱਕਾ ਜਿਵੇਂ ਮਰਜ਼ੀ ਹੋਵੇ, ਅਪਨਾ ਕੇ ਇਸ ਨੂੰ ਪੁੰਨ ਦਾ ਕਾਰਜ ਸਮਝਦਾ ਸੀ।

ਇੱਕ ਵਾਰੀ ਉਸ ਦੇ ਦਰਬਾਰ ਵਿੱਚ ਕੁਰਾਨ ਦੀ ਕਿਸੇ ਆਇਤ ਦੀ ਵਿਆਖਿਆ 'ਤੇ ਸੰਵਾਦ ਹੋਣਾ ਸ਼ੁਰੂ ਹੋ ਗਿਆ। ਦਰਬਾਰ ਵਿੱਚ ਬੜੇ ਬੜੇ ਬੁੱਧੀਮਾਨ, ਵਿਦਵਾਨ ਅਤੇ ਪੜ੍ਹੇ-ਲਿਖੇ ਪੁਰਸ਼ ਬੈਠੇ ਸਨ। ਹਰ ਇਕ ਨੇ ਆਪਣੇ ਆਪਣੇ ਢੰਗ ਨਾਲ ਉਸ ਆਇਤ ਦੀ ਵਿਆਖਿਆ ਕੀਤਾ, ਪਰ ਬਾਦਸ਼ਾਹ ਦੀ ਸੰਤੁਸ਼ਟੀ ਨਾ ਹੋਈ। ਸ਼ਾਹਜ਼ਾਦਾ ਮੁਅਜ਼ਮ ਨੇ ਉਸ ਆਇਤ ਦੇ ਅਰਥ ਭਾਈ ਨੰਦ ਲਾਲ ਜੀ ਤੋਂ ਕਰਵਾ ਕੇ ਅਗਲੇ ਦਿਨ ਬਾਦਸ਼ਾਹ ਨੂੰ ਸੁਣਾਏ ਤਾਂ ਬਾਦਸ਼ਾਹ ਬੜਾ ਪ੍ਰਸੰਨ ਹੋਇਆ ਤੇ ਸ਼ਾਹਜ਼ਾਦੇ ਨੂੰ ਇਨਾਮ ਦੇਣ ਦਾ ਐਲਾਨ ਕਰਨ ਹੀ ਲੱਗਿਆ ਸੀ ਕਿ ਮੁਅਜ਼ਮ ਨੇ ਸਪੱਸ਼ਟ ਕੀਤਾ ਕਿ ਆਇਤ ਦੇ ਅਰਥ ਤਾਂ ਉਸ ਨੇ ਭਾਈ ਨੰਦ ਲਾਲ ਤੋਂ ਸੁਣ ਕੇ ਦੱਸੇ ਸਨ।

ਜਦੋਂ ਬਾਦਸ਼ਾਹ ਨੂੰ ਪਤਾ ਲੱਗ ਗਿਆ ਕਿ ਨੰਦ ਲਾਲ ਮੁਸਲਮਾਨ ਨਹੀਂ ਹਿੰਦੂ ਹੈ ਤਾਂ ਉਸ ਦੇ ਤਨ-ਬਦਨ ਨੂੰ ਅੱਗ ਲੱਗ ਗਈ ਪਰ ਇਸ ਤੋਂ ਪਹਿਲਾਂ ਕਿ ਉਹ ਭਾਈ ਨੰਦ ਲਾਲ ਨੂੰ ਉਸ ਦਾ ਸਿਰ ਕਲਮ ਕਰਨ ਦਾ ਇਨਾਮ ਦਿੰਦਾ, ਸ਼ਹਿਜ਼ਾਦੇ ਨੇ ਉਸ ਨੂੰ ਆਗਿਆਤ ਥਾਂ 'ਤੇ ਭਿਜਵਾ ਦਿੱਤਾ ਸੀ।

◆◆◆



# ਠੰਢੀ 'ਵਾ

**ਕਰਮਵੀਰ ਸਿੰਘ ਸੂਰੀ**

ਉਹ ਪਿਛਲੇ ਇੱਕ ਮਹੀਨੇ ਤੋਂ ਸ਼ਹਿਰ ਦੇ ਉਸ ਧਾਰਮਿਕ-ਸਥਾਨ 'ਚ ਨਹੀਂ ਸੀ ਗਿਆ। ਸੰਸਾਰ ਤੋਂ ਜਿਵੇਂ ਉਸਦਾ ਮਨ ਉਖੜ ਗਿਆ ਸੀ। ਸਭ ਪਾਸੇ ਉਦਾਸੀ ਹੀ ਉਦਾਸੀ ਨਜ਼ਰ ਆਉਂਦੀ ਸੀ, ਰੱਬ ਤੋਂ ਵੀ ਵਿਸ਼ਵਾਸ ਉੱਠਦਾ ਜਾ ਰਿਹਾ ਸੀ। ਪਹਿਲਾਂ ਉਹ ਨਿਰੰਤਰ ਉਥੇ ਜਾਇਆ ਕਰਦਾ ਸੀ। ਉਸ ਧਾਰਮਿਕ-ਸਥਾਨ 'ਚ ਬਣੇ ਸੰਗਮਰਮਰ ਦੇ ਵਰਾਂਡੇ 'ਚ ਉਸਦਾ ਇੱਕੋ ਹੀ ਪੱਕਾ ਸਥਾਨ ਹੁੰਦਾ। ਉਹ ਹਮੇਸ਼ਾ ਉਥੇ ਹੀ ਆ ਕੇ ਬਹਿੰਦਾ ਤੇ ਪਾਠ ਸੁਣਦਾ। ਜੇਕਰ ਉਸਦੇ ਆਉਣ ਤੋਂ ਪਹਿਲਾਂ ਉਥੇ ਕੋਈ ਹੋਰ ਭਗਤ ਬੈਠਾ ਹੁੰਦਾ, ਤਾਂ ਉਸ ਨੂੰ ਖਿਝ ਚੜ੍ਹ ਜਾਂਦੀ ਤੇ ਘੂਰੀ ਜਿਹੀ ਵੱਟ ਕੇ ਉਹ ਪਰੇ ਬਹਿ ਜਾਂਦਾ। ਉਸ ਨੂੰ ਬਾਅਦ ਵਿੱਚ ਖ਼ੁਦ 'ਤੇ ਹਾਸਾ ਜਿਹਾ ਆ ਜਾਂਦਾ ਕਿ ਕਿ ਉਸਨੇ ਉਸ ਜਗ੍ਹਾ ਦੀ ਰਜਿਸਟਰੀ ਕਰਵਾ ਰੱਖੀ ਹੈ।

ਸਰਗੁਣ ਉਸ ਨੂੰ ਬੇਹੱਦ ਮੁਹੱਬਤ ਕਰਦੀ ਸੀ। ਅਸਲ ਵਿੱਚ ਉਸ ਜਗ੍ਹਾ 'ਤੇ ਹੀ ਉਹ ਦੋਵੇਂ ਆ ਕੇ ਬੈਠੇ ਸਨ। ਇਹ ਉਨ੍ਹਾਂ ਦਾ ਮਿਲਣ-ਸਥਾਨ ਹੀ ਬਣ ਗਿਆ ਸੀ। ਉਹ ਵੀ ਪਾਠ-ਪੂਜਾ ਵਿੱਚ ਪੂਰੀ ਆਸਥਾ ਰੱਖਦੀ ਸੀ, ਰੱਬ ਦੀ ਪੂਰੀ ਭਗਤਣ ਸੀ। ਇੱਥੇ ਆ ਕੇ ਉਨ੍ਹਾਂ ਨੂੰ ਯਕੀਨ ਹੋ ਜਾਂਦਾ ਕਿ ਪਰਮਾਤਮਾ ਉਨ੍ਹਾਂ ਨੂੰ ਜ਼ਰੂਰ ਮਿਲਾਏਗਾ। ਲੇਕਿਨ ਚਾਂਦੀ ਦੀ ਦੀਵਾਰ ਆੜੇ ਆ ਖਲੋਤੀ, ਜਿਸ ਕਰਕੇ ਸਰਗੁਣ ਉਸ ਤੋਂ ਦੂਰ ਚਲੀ ਗਈ ਜਾਂ ਭੇਜ ਦਿੱਤੀ ਗਈ। ਕਾਫੀ ਭਟਕਣ ਤੋਂ ਬਾਅਦ, ਅੱਜ ਉਹ ਉਸੇ ਧਾਰਮਿਕ-ਸਥਾਨ ਦੇ ਉਸੇ ਵਰਾਂਡੇ ਵਾਲੀ ਆਪਣੀ ਥਾਂ ਤੇ ਆ ਕੇ ਇਕੱਲਾ ਬੈਠਿਆ, ਤਾਂ ਉਸ ਦਾ ਰੋਣ ਹੀ ਨਿਕਲ ਗਿਆ। ਇਕ ਲੰਮਾ ਹਉਕਾ ਲੈਂਦੇ ਹੋਏ, ਜਦੋਂ ਉਸ ਦਾ ਮੂੰਹ ਉਪਰ ਨੂੰ ਹੋਇਆ, ਤਾਂ ਉਸ ਨੇ ਦੇਖਿਆ ਕਿ ਓਥੇ ਇੱਕ ਪੱਖਾ ਲੱਗਿਆ ਹੋਇਆ ਹੈ, ਜੋ ਪਹਿਲਾਂ ਉਥੇ ਨਹੀਂ ਹੋਇਆ ਕਰਦਾ ਸੀ। ਉਸ ਪੱਖੇ 'ਤੇ ਭੇਟਾ ਵਜੋਂ ਸਰਗੁਣ ਦਾ ਨਾਂ ਅਤੇ ਪਤਾ ਲਿਖਿਆ ਹੋਇਆ ਸੀ। ਉਸ ਦੀਆਂ ਅੱਖਾਂ ਭਰ ਆਈਆਂ ਤੇ ਉਸ ਨੂੰ ਮਹਿਸੂਸ ਹੋਇਆ ਮਾਨੋ ਜਾਂਦੀ ਵਾਰੀ ਵੀ ਉਹ ਉਸਨੂੰ ਠੰਡੀ 'ਵਾ ਦੇ ਗਈ ਹੋਵੇ!!

◆◆◆

"ਓਇ! ਇਹਨੂੰ ਸਾਂਭ ਕੇ ਰੱਖਿਆ ਕਰੋ ਨਹੀਂ ਤਾਂ ਮੈਂ ਕਿਸੇ ਦਿਨ ਇਹਨੂੰ ਜ਼ਹਿਰ ਦੇ ਦੇਣੀ ਆਂ " ਮੁਹੱਲੇ ਦੇ ਇੱਕ ਅੱਖੜ ਜਿਹੇ ਮੁੰਡੇ ਨੇ ਗੁਰਮੁਖ ਦੇ ਮੁੰਡੇ ਸੁਨੀਲ ਨੂੰ ਧਮਕੀ ਦਿੱਤੀ, ਜਦੋਂ ਇਹ ਸਵੇਰੇ ਆਪਣੇ ਘਰ ਰੱਖੀ ਚਿੱਟੇ ਰੰਗ ਦੀ ਕੁੱਤੀ ਨੂੰ ਘੁਮਾਉਣ ਲਿਜਾ ਰਿਹਾ ਸੀ 'ਜਿੰਮੀ' ਨਾਂਅ ਸੀ, ਉਸ ਕੁੱਤੀ ਦਾ

ਜਿੰਮੀ ਨੇ ਪਿਛਲੇ ਦਿਨੀਂ ਤਿੰਨ ਬੱਚਿਆਂ ਨੂੰ ਜਨਮ ਦਿੱਤਾ ਸੀ  ਤਿੰਨੋਂ ਬੱਚੇ ਬਿਲਕੁਲ ਉਹਦੇ ਵਰਗੇ  ਬਲੂਰ  ਆਮ ਤੌਰ ‘ਤੇ ਸ਼ਾਂਤ ਰਹਿਨ ਵਾਲ਼ੀ ਜਿੰਮੀ ਪਰ ਪਤਾ ਨਹੀਂ ਇਨ੍ਹੀਂ ਦਿਨੀਂ ਕਿਉਂ ਹਿੰਸਕ ਹੋ ਗਈ ਸੀ ਤੇ ਅੱਗੇ-ਪਿੱਛੇ ਉਸ ਨੇ ਤਿੰਨ ਜਣਿਆਂ ਨੂੰ ਵੱਢਿਆ ਸੀ  ਮੁਹੱਲੇ ਵਿੱਚ ਹੁਣ ਉਸ ਦਾ ਖ਼ੌਫ਼ ਜਿਹਾ ਬਣ ਗਿਆ ਸੀ ਤੇ ਲੋਕ ਉਸ ਦੇ ਨੇੜੇ ਆਉਣ ਤੋਂ ਕਤਰਾਉਂਦੇ ਸਨ  ਇਨ੍ਹਾਂ ਗੱਲਾਂ ਕਾਰਨ ਹੀ ਮੁਹੱਲੇ ਦੇ ਅੱਖੜ ਜਿਹੇ ਮੁੰਡੇ ਨੇ ਸੁਨੀਲ ਦੇ ਸਿਰ ਠਾਹ ਸੋਟਾ ਮਾਰਿਆ ਸੀ

ਕੁਝ ਮੁਹੱਲੇ ਵਿੱਚ ਪਸਰੇ ਹੋਏ ਖ਼ੌਫ਼ ਨੇ ਤੇ ਕੁਝ ਉਸ ਮੁੰਡੇ ਦੀ ਗੱਲ ਨੇ ਗੁਰਮੁਖ ਦੇ ਸਾਰੇ ਪਰਿਵਾਰ ਨੂੰ ਪਰੇਸ਼ਾਨ ਕਰ ਦਿੱਤਾ ਸੀ  ਸਾਰੇ ਪਰਿਵਾਰ ਨੂੰ ਜਿੰਮੀ ਦੇ ਨਿੱਕੇ-ਨਿੱਕੇ ਬੱਚਿਆਂ ਦੇ ਭਵਿੱਖ ਨੂੰ ਲੈ ਕੇ ਬੜੀ ਚਿੰਤਾ ਹੋਈ  ਸੋਚ ਰਹੇ ਸਨ ਕਿ ਜੇਕਰ ਸੱਚੀਂ ਕਿਸੇ ਨੇ ਜਿੰਮੀ ਨੂੰ ਜ਼ਹਿਰ ਦੇ ਦਿੱਤਾ ਤਾਂ ਜਿੰਮੀ ਦੇ ਤਿੰਨੋਂ ਬੱਚੇ ਤਾਂ ਅਜੇ ਆਪਨਾ-ਆਪਾ ਵੀ ਸਾਂਭਣਾ ਨਹੀਂ ਸਨ ਸਿੱਖੇ

ਆਖ਼ਰ ਸਾਰੇ ਪਰਿਵਾਰ ਨੇ ਜਿੰਮੀ ਤੇ ਉਸ ਦੇ ਬੱਚਿਆਂ ਦੀ ਸੁਰੱਖਿਆ ਦੇ ਮੱਦੇਨਜ਼ਰ ਦਿਲ ਨੂੰ ਪੱਥਰ ਕਰ ਕੇ ਕਰੜਾ ਫ਼ੈਸਲਾ ਲਿਆ  ਉਨ੍ਹਾਂ ਨੇ ਜਿੰਮੀ ਦੇ ਤਿੰਨਾ ਬੱਚਿਆਂ ਨੂੰ ਇੱਕ ਬੋਰੀ ਵਿੱਚ ਪਾਇਆ ਤੇ ਜਿੰਮੀ ਨੂੰ ਸਕੂਟਰੀ ਦੇ ਅੱਗੇ ਖੜ੍ਹੀ ਕੀਤਾ ਤੇ ਉਨ੍ਹਾਂ ਨੂੰ ਘਰ ਤੋਂ ਦੂਰ, ਬਹੁਤ ਦੂਰ ਛੱਡ ਆਉਣ ਲਈ ਤਿਆਰੀ ਕਰ ਲਈ, ਜਿੱਥੋਂ ਉਹ ਵਾਪਸ ਨਾ ਮੁੜ ਸਕਣ  ਗੁਰਮੁਖ ਆਪ ਸਕੂਟਰੀ ਚਲਾ ਰਿਹਾ ਸੀ ਤੇ ਸੁਨੀਲ ਕਤੂਰਿਆਂ ਵਾਲ਼ੀ ਬੋਰੀ ਸਾਂਭੀ ਉਸ ਦੇ ਪਿੱਛੇ ਬੈਠਾ ਸੀ  ਸਕੂਟਰੀ ਦੇ ਮੂਹਰੇ ਜਿੰਮੀ ਬੜੀ ਡੌਰ-ਭੌਰ ਖਲੋਤੀ ਸੀ

ਘਰ ਤੋਂ ਕੋਈ ਵੀਹ-ਬਾਈ ਕਿਲੋਮੀਟਰ ਦੂਰ ਵਿਰਲੀ ਜਿਹੀ ਅਬਾਦੀ ਦੇ ਨੇੜੇ ਸਕੂਟਰੀ ਰੋਕ ਕੇ ਗੁਰਮੁਖ ਨੇ ਜਿੰਮੀ ਨੂੰ ਸਕੂਟਰੀ ਤੋਂ ਲਾਹਿਆ  ਬੋਰੀ ਦਾ ਮੂੰਹ ਖੋਲ੍ਹ ਕੇ ਬੱਚੇ ਉਸ ਦੇ ਨੇੜੇ ਛੱਡ ਦਿੱਤੇ ਗਏ  ਚੂੰ-ਚੂੰ ਕਰਦੇ ਹੋਏ ਵਿਆਕੁਲ ਬੱਚੇ ਦੁੱਧ ਦੀ ਝਾਕ ਵਿੱਚ ਜਿੰਮੀ ਦੇ ਨੇੜੇ-ਨੇੜੇ ਘੁੰਮਣ ਲੱਗੇ

ਏਨੇ ਵਿੱਚ ਸਕੂਟਰੀ ਸਟਾਰਟ ਹੋਣ ਦੀ ਆਵਾਜ਼ ਆਈ ਤਾਂ ਜਿੰਮੀ ਚੌਕੰਨੀ ਹੋ ਗਈ  ਸੁਨੀਲ ਫਟਾਫਟ ਸਕੂਟਰੀ ਦੀ ਪਿਛਲੀ ਸੀਟ ‘ਤੇ ਜਾ ਬੈਠਾ  ਜਿੰਮੀ ਵਿੱਚ ਫੁਰਤੀ ਆਈ  ਗੁਰਮੁਖ ਤੇ ਸੁਨੀਲ ਨੇ ਆਖ਼ਰੀ ਨਜ਼ਰ ਜਿੰਮੀ ਨੂੰ ਦੇਖਣਾ ਚਾਹਿਆ ਤਾਂ ਜਿਵੇਂ ਹੀ ਜਿੰਮੀ ਦੀ ਨਜ਼ਰ ਉਨ੍ਹਾਂ ਨਾਲ਼ ਮਿਲ਼ੀ ਤਾਂ ਉਹ ਸਕੂਟਰੀ ਦੇ ਮਗਰ ਭੱਜ ਪਈ  ਗੁਰਮੁਖ ਨੇ ਸਕੂਟਰੀ ਦੀ ਰੇਸ ਵਧਾਈ ਪਰ ਜਿੰਮੀ ਫੇਰ ਵੀ ਉਨ੍ਹਾਂ ਦੇ ਨਾਲ਼-ਨਾਲ਼ ਹੀ ਸੀ  ਮਮਤਾ ਦੀ ਮਾਰੀ ਜਿੰਮੀ ਵਿੱਚ-ਵਿੱਚ ਪਿੱਛੇ ਮੁੜ ਕੇ ਆਪਨੇ ਬੱਚਿਆਂ ਵਲ ਵੀ ਤੱਕਦੀ ਪਰ ਸੀ ਹੁਣ ਵੀ ਉਹ ਸਕੂਟਰੀ ਦੇ ਨਾਲ਼-ਨਾਲ਼ ਪਰ ਹੁਣ ਜਿਵੇਂ-ਜਿਵੇਂ ਸਕੂਟਰੀ ਦੀ ਸਪੀਡ ਵਧਦੀ ਗਈ, ਜਿੰਮੀ ਪਿੱਛੇ ਰਹਿੰਦੀ ਗਈ  ਪੂਰੀ ਵਾਹ ਨਾਲ਼ ਦੌੜੀ ਜਾਂਦੀ ਜਿੰਮੀ ਦੇ ਦਿਲ ‘ਤੇ ਬੱਚਿਆਂ ਦੇ ਮੋਹ ਦਾ ਭਾਰ ਵੀ ਸੀ, ਹੁਣ ਉਹ ਥੱਕ ਵੀ ਤਾਂ ਗਈ ਸੀ; ਵਿਚਾਰੀ ਥੋੜ੍ਹੇ ਦਿਨ ਪਹਿਲਾਂ ਹੀ ਤਾਂ ਤਿੰਨ ਬੱਚਿਆਂ ਨੂੰ ਜਨਮ ਦੇ ਕੇ ਹਟੀ ਸੀ  ਉਸ ਤੋਂ ਹੁਣ ਹੋਰ ਭੱਜਿਆ ਨਾ ਗਿਆ ਤੇ ਉਹ ਬੇਵੱਸ ਰੁਕ ਗਈ  ਕਦੇ ਉਹ ਉਸ ਤੋਂ ਪਲ-ਪਲ ਦੂਰ ਹੁੰਦੀ ਜਾ ਰਹੀ ਗੁਰਮੁਖ ਦੀ ਸਕੂਟਰੀ ਵਲ ਤੱਕ ਰਹੀ ਸੀ ਤੇ ਕਦੇ ਉਸ ਦਿਸ਼ਾ ਵਲ, ਜਿੱਧਰ ਉਸ ਦੇ ਨਿਆਸਰੇ ਬੱਚੇ ਛੁੱਟ ਗਏ ਸਨ

ਗੁਰਮੁਖ ਤੇ ਸੁਨੀਲ ਘਰ ਮੁੜ ਆਏ ਪਰ ਹੁਣ ਉਨ੍ਹਾਂ ਦਾ ਦਿਲ ਨਾ ਲੱਗਾ  ਘਰ ਦੀ ਰੌਣਕ ਜਿਵੇਂ ਤੁਰ ਗਈ ਸੀ  ਘਰ ਦੇ ਹਰ ਜੀਅ ਦਾ ਦਿਲ-ਪਰਚਾਵਾ ਦੂਰ ਚਲਾ ਗਿਆ ਸੀ  ਘਰ ‘ਚ ਵੜਦਿਆਂ ਤੇ ਘਰ ‘ਚੋਂ ਨਿਕਲ਼ਦਿਆਂ ਜਿੰਮੀ ਨੂੰ ਉਨ੍ਹਾਂ ਦਾ ਬੁਲਾਉਣਾ ਤੇ ਉਸ ਨਾਲ਼ ਕੁਝ ਪਲ ਬਿਤਾਉਣਾ, ਜਿੰਮੀ ਦਾ ਘਰ ਦੇ ਜੀਆਂ ਦੇ ਪੈਰਾਂ ਵਿੱਚ ਵਿਛ ਜਾਣਾ, ਸਭ ਨੂੰ ਅੰਦਰੋਂ ਹਲੂਣਦਾ ਸੀ  ਗੁਰਮੁਖ ਤੇ ਸੁਨੀਲ ਨੂੰ ਉਹ ਪਲ ਕਦੋਂ ਭੁੱਲਦੇ ਸਨ, ਜਦੋਂ ਜਿੰਮੀ ਪੂਰੀ ਵਾਹ ਨਾਲ਼ ਉਨ੍ਹਾਂ ਦੀ ਸਕੂਟਰੀ ਨਾਲ਼ ਰਲਣ ਦੀ ਕੋਸ਼ਿਸ਼ ਕਰ ਰਹੀ ਸੀ  ਜਿੰਮੀ ਦੀਆਂ ਆਖ਼ਰੀ ਵਾਰ ਤੱਕੀਆਂ ਅੱਖਾਂ ਉਨ੍ਹਾਂ ਦੀਆਂ ਨੀਂਦਾਂ ਵਿੱਚ ਘੁੰਮਦੀਆਂ ਰਹਿੰਦੀਆਂ  ਉਹ ਮੁਹੱਲੇ ਦੇ ਲੋਕਾਂ ਨੂੰ ਕੋਸਦੇ, ਜਿਨ੍ਹਾਂ ਦੀ ਵਜ੍ਹਾ ਕਰਕੇ ਉਨ੍ਹਾਂ ਨੂੰ, ਜਿੰਮੀ ਨੂੰ ਘਰੋਂ ਬਾਹਰ ਕਰਨਾ ਪਿਆ ਸੀ  ਸੁਨੀਲ ਸਵੇਰੇ ਇਕੱਲਾ ਓਸੇ ਰਸਤੇ ਸੈਰ ਨੂੰ ਜਾਂਦਾ, ਜਿਸ ਰਸਤਿਓਂ ਉਹ ਜਿੰਮੀ ਨੂੰ ਨਾਲ਼ ਘੁਮਾਉਣ ਲੈ ਕੇ ਜਾਂਦਾ ਹੁੰਦਾ ਸੀ  ਜਿੰਮੀ ਦੇ ਉਸ ਨੂੰ ਭੁਲੇਖੇ ਪੈਂਦੇ  ਅਸਲ ਵਿੱਚ ਉਹ ਜਾਂਦਾ ਵੀ ਏਸੇ ਲਈ ਸੀ ਕਿ ਜਿੰਮੀ ਹੁਣ ਵੀ ਉਸ ਨੂੰ ਸਰੀਰ ਵਜੋਂ ਨੇੜੇ-ਨੇੜੇ ਜਾਪੇ

ਹਫ਼ਤਾ ਬੀਤ ਗਿਆ ਸੀ ਪਰ ਘਰ ਵਿੱਚ ਕੋਈ ਚਹਿਲ-ਪਹਿਲ ਨਹੀਂ ਸੀ  ਰੋਜ਼ ਦੀ ਤਰ੍ਹਾਂ ਸਵੇਰੇ ਘੁੰਮਣ ਜਾਣ ਲਈ ਸੁਨੀਲ ਨੇ ਅੱਜ ਜਿਉਂ ਹੀ ਘਰ ਦਾ ਮੇਨ ਗੇਟ ਖੋਲ੍ਹਿਆ ਤਾਂ ਉਹ ਚੌਂਕ ਗਿਆ    ਇਹ ਕੀ?    ਉਸ ਦੇ ਪੈਰਾਂ ਨੂੰ ਚੱਟਦੀ, ਪੂਛ ਹਿਲਾਉਂਦੀ, ਜਿੰਮੀ ਉਸ ਦੀਆਂ ਲੱਤਾਂ ਨਾਲ਼ ਚਿੰਬੜ ਰਹੀ ਸੀ    ਹਾਂ, ਇਹ ਸੁਪਨਾ ਨਹੀਂ ਸੀ  ਭਰੀਆਂ ਅੱਖਾਂ ਨਾਲ਼ ਜਿੰਮੀ ਨੂੰ ਕਲ਼ਾਵੇ ਵਿੱਚ ਲੈਂਦਿਆਂ ਸੁਨੀਲ ਦੇ ਮੂੰਹੋਂ ਆਪ-ਮੁਹਾਰੇ ਉੱਚੀ ਆਵਾਜ਼ ਵਿੱਚ ਇਹ ਸ਼ਬਦ ਨਿਕਲ਼ੇ, “ਪਾਪਾ ਜੀ! ਜਿੰਮੀ ਆ ਗਈ “

ਸੁਨੀਲ ਦੀ ਆਵਾਜ਼ ਸੁਣ ਕੇ ਘਰ ਦੇ ਸਾਰੇ ਜੀਅ ਗੇਟ ਵਲ ਭੱਜੇ ਤੇ ਜਿੰਮੀ ਨੂੰ ਦੇਖ ਕੇ ਹੈਰਾਨ ਰਹਿ ਗਏ  ਸਿੱਲ੍ਹੀਆਂ ਅੱਖਾਂ ਨਾਲ਼ ਸਾਰੇ ਜਿੰਮੀ ਨੂੰ ਪਿਆਰਨ ਲੱਗੇ  ਪਿਆਰ ਦੀ ਲੋਰ ਵਿੱਚ ਜਿੰਮੀ ਨੂੰ ਜਿਵੇਂ ਕੁਝ ਨਾ ਸੁੱਝ ਰਿਹਾ ਹੋਵੇ

ਜਿੰਮੀ ਦੀ ਕੁਰਬਾਨੀ, ਵਫ਼ਾਦਾਰੀ ਤੇ ਪਿਆਰ ਨੇ ਸਾਰੇ ਪਰਿਵਾਰ ਨੂੰ ਸੁੰਨ ਕਰ ਦਿੱਤਾ ਸੀ  ਗੁਰਮੁਖ ਪਿਓ-ਪੁੱਤ ਜਿੰਮੀ ਦੇ ਬੱਚੇ ਲੈਣ ਲਈ ਵੀ ਓਸ ਥਾਂ ਗਏ, ਜਿੱਥੇ ਉਹ ਉਨ੍ਹਾਂ ਨੂੰ ਛੱਡ ਕੇ ਆਏ ਸਨ, ਪਰ ਉਨ੍ਹਾਂ ਨੂੰ ਖ਼ਾਲੀ ਹੱਥ ਹੀ ਮੁੜਨਾ ਪਿਆ

ਉਸ ਦਿਨ ਮਗਰੋਂ ਜਿੰਮੀ ਹੁਣ ਗੁਰਮੁਖ ਦੇ ਘਰ ਦਾ ਇੱਕ ਜੀਅ ਹੈ, ਘਰ ਦੇ ਹੋਰਾਂ ਜੀਆਂ ਵਾਂਗ

(ਬਲਵੀਰ ਮੰਨਣ)
**94173-45485**

◆◆◆

# ਪਾਠਕ ਦਰਪਣ

ਪਿਆਰੇ ਸਤਵਿੰਦਰ,

ਸਤਿ ਸ੍ਰੀ ਅਕਾਲ।

"ਰੂਹ ਪੰਜਾਬੀ ਦਾ ਅਪ੍ਰੈਲ-ਜੂਨ 2019 ਦਾ ਅੰਕ 15 ਮਈ ਨੂੰ ਪ੍ਰਾਪਤ ਹੋਇਆ! ਵੰਨ ਸੁਵੰਨੀਆਂ ਰਚਨਾਵਾਂ ਦਾ ਅਨਮੋਲ ਗੁਲਦਸਤਾ ਪਾ ਕੇ ਖੁਸ਼ੀ ਹੋਈ। ਸਭ ਤੋਂ ਪਹਿਲਾਂ ਸੰਪਾਦਕੀ ਚੌਥਾ ਥੰਮ ਕਿਧਰ ਨੂੰ? ਪੜ੍ਹੀ। ਫੇਰ ਤੇਰਾ ਨਾਟਕ "ਇਲੈਕਸ਼ਨ" (ਤੀਜਾ ਭਾਗ) ਦੋਵੇਂ ਕਾਬਲੇ ਤਾਰੀਫ਼, ਹਮਦਰਦਵੀਰ ਨੌਸ਼ਹਿਰਵੀ ਨਾਲ ਰੂ-ਬ-ਰੂ (ਜੋਗਿੰਦਰ ਸਿੰਘ ਫੁੱਲ) ਉਹਦੀ ਜ਼ਿੰਦਗੀ ਤੇ ਕਾਰਜਸ਼ੀਲਤਾ ਦਾ ਸ਼ੀਸ਼ਾ ਹੈ। ਬਾਕੀ ਗ਼ਜ਼ਲਾਂ ਕਹਾਣੀਆਂ ਰੌਚਕ ਸਮੱਗਰੀ ਹੈ—ਪੜ੍ਹ ਰਿਹਾ ਹਾਂ। ਗੁਰੂ ਨਾਨਕ ਵਿਸ਼ੇਸ਼ ਅੰਕ ਲਈ ਇਕ ਗੀਤ (ਜੋ ਅੱਜ ਹੀ ਲਿਖਿਆ ਹੈ) ਤੇ ਗ਼ਜ਼ਲ ਭੇਜ ਰਿਹਾ ਹਾਂ - ਪਰਵਾਨ ਕਰਨੀਆਂ।

ਸ਼ੁਭ ਇਛਾਵਾਂ ਨਾਲ।

ਹਿਤੂ

**ਪ੍ਰੋ. ਜਸਵੰਤ ਕੈਲਵੀ**

98783-81474

◆◆◆

ਪਿਆਰੇ ਪ੍ਰੋ. ਸਤਵਿੰਦਰ ਬੇਗੋਵਾਲੀਆ ਜੀ,

'ਰੂਹ ਪੰਜਾਬੀ' ਘੱਲਣ ਲਈ ਹਾਰਦਿਕ ਧੰਨਵਾਦ। ਤੁਹਾਡੀ ਲਗਨ ਪ੍ਰਸ਼ੰਸਾਯੋਗ ਹੈ। ਚੋਣ ਤੇ ਤਰਤੀਬ ਲੁਭਾਣੀ ਹੈ। ਇਨ੍ਹਾਂ ਸਮਿਆਂ ਵਿੱਚ ਨਿਰ-ਸੁਆਰਥ ਮਰਜੀਵੜੇ ਟਾਵੇਂ-ਟਾਵੇਂ ਹੀ ਹਨ, ਤੁਸੀਂ ਉਸ ਕਤਾਰ ਵਿੱਚ ਖੜ੍ਹੇ ਸੋਭਦੇ ਹੋ। ਸਾਰੇ ਬੇਲੀਆਂ ਨੂੰ ਮੇਰਾ ਸਤਿਕਾਰ।

ਅਗਲਾ ਅੰਕ ਗੁਰੂ ਨਾਨਕ ਨੂੰ ਸਮਰਪਿਤ ਕਰਨ ਲਈ ਅਗਾਊਂ ਮੁਬਾਰਕ।

ਮੇਰੀਆਂ ਸ਼ੁਭ-ਇੱਛਾਵਾਂ ਹਾਜ਼ਰ ਹਨ।

ਹਿਤੂ

**ਮਨਮੋਹਨ ਸਿੰਘ ਦਾਊਂ**

ਮੋ. 98151-23900

◆◆◆



ਪਿਆਰੇ ਸੰਪਾਦਕ ਜੀ,

ਸਤਿ ਸ੍ਰੀ ਅਕਾਲ! ਪ੍ਰਵਾਨ ਕਰਨੀ

ਮੈਨੂੰ ਅਖ਼ਬਾਰ ਰਾਹੀਂ ਪਤਾ ਲੱਗਿਆ ਹੈ ਕਿ ਤੁਸੀਂ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਦਿਵਸ ਦੇ ਸਬੰਧ 'ਚ ਪਰਚੇ ਦਾ ਵਿਸ਼ੇਸ਼ ਅੰਕ ਕੱਢ ਰਹੇ ਹੋ। ਮੈਂ ਬਾਬੇ ਨਾਨਕ ਸਬੰਧੀ ਗੀਤ ਤੇ ਦੋ ਰਚਨਾਵਾਂ ਭੇਜ ਰਿਹਾ ਹਾਂ।

ਸ਼ੁਭ ਇਛਾਵਾਂ ਸਹਿਤ

**ਮਲਕੀਤ ਸਿੰਘ ਦਰਦੀ**

ਟੀ-2 359, ਰਣਜੀਤ ਸਾਗਰ ਡੈਮ

ਸ਼ਾਹਪੁਰ ਕੰਡੀ ਟਾਊਨਸ਼ਿਪ-145029

ਪਠਾਨਕੋਟ (73474-89902)

◆◆◆

## ਭੁੱਲ ਦੀ ਸੋਧ

ਪਿਛਲੇ ਅੰਕ ਵਿੱਚ ਸ਼ਰਨਜੀਤ ਕੌਰ ਨਿਜ਼ਾਮਪੁਰ ਦੀ ਕਵਿਤਾ ਦਾਮਿਨੀ ਛਪੀ ਸੀ ਪਰ ਭੁਲੇਖੇ ਨਾਲ ਫੋਟੋ ਡਾ. ਸ਼ਰਨਜੀਤ ਕੌਰ ਦੀ ਲੱਗ ਗਈ ਸੀ। ਅਦਾਰਾ ਰੂਹ ਪੰਜਾਬੀ ਕੋਸ਼ਿਸ਼ ਕਰੇਗਾ ਕਿ ਅੱਗੇ ਤੋਂ ਇਸ ਤਰ੍ਹਾਂ ਦੀ ਗਲਤੀ ਨਾ ਹੋਵੇ।



**ਸ਼ਰਨਜੀਤ ਕੌਰ ਨਿਜ਼ਾਮਪੁਰ**